
# ਨੰਗਾ ਰੁੱਖ



Pb
891.449 3
Sh 23 N

P
891.4493
SR 23 N

ਓ. ਪੀ. ਸ਼ਰਮਾ 'ਸਾਰਥੀ'

# ਨੰਗਾ ਰੁੱਖ

(ਸਾਹਿਤ ਅਕਾਦੇਮੀ ਪੁਰਸਕਾਰ ਪ੍ਰਾਪਤ ਡੋਗਰੀ ਨਾਵਲ)

ਲੇਖਕ

ਓ. ਪੀ. ਸ਼ਰਮਾ 'ਸਾਰਥੀ'

ਅਨੁਵਾਦਿਕਾ

ਚੰਦਨ ਨੇਗੀ

ਸਾਹਿਤ ਅਕਾਦੇਮੀ

*Nanga Rukh* : Punjabi translation by Chandan Negi of O. P. Sharma Sarathi's award-winning Dogri novel. Sahitya Akademi, New Delhi (1984),
SAHITYA AKADEMI
REVISED PRICE Rs. 15·00

© ਸਾਹਿਤ ਅਕਾਦੇਮੀ

ਪਹਿਲੀ ਵਾਰ : 1984

P
891.449 3
Sh 23 N

ਸਾਹਿਤ ਅਕਾਦੇਮੀ

**ਮੁੱਖ ਦਫ਼ਤਰ :**

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਰੋਡ, ਨਵੀਂ ਦਿੱਲੀ 110001

**ਪ੍ਰਾਦੇਸ਼ਿਕ ਦਫ਼ਤਰ :**

ਬਲਾਕ V-ਬੀ, ਰਵਿੰਦਰ ਸਰੋਵਰ ਸਟੇਡੀਅਮ, ਕਲਕੱਤਾ 700029
29, ਅਲਡਾਮਸ ਰੋਡ, (ਦੂਸਰੀ ਮੰਜ਼ਲ), ਤੇਨਾਮਪੇਟ, ਮਦਰਾਸ 600018
172, ਮੁਮਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ, ਦਾਦਰ, ਬੰਬਈ 400014

ਪ੍ਰਿੰਟਰ :

ਜਨਤਕ ਪ੍ਰੈਸ
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ 110006

Library IIAS, Shimla
P 891.449 3 Sh 23 N
00116277

Indian I...
116278
23.11.04
SHIMLA

SAHITYA AKADEMI
REVISED PRICE Rs. 15·00

# I

ਉਹ ਸ਼ਿਵ ਨਹੀਂ ਸੀ !

ਉਹ ਇਕ ਲੇਖਕ ਸੀ, ਕਲਾਕਾਰ । ਪਰ ਉਸ ਨੂੰ ਜ਼ਹਿਰ ਪੀਣਾ ਪਿਆ ਸੀ ।

ਉਸ ਨੇ ਸੁਣਿਆ ਸੀ ਕਿ ਬਹੁਤ ਚਿਰ ਪਹਿਲਾਂ ਸਮੁੰਦਰ ਦਾ ਮੰਥਨ ਹੋਇਆ ਸੀ । ਦੇਵਤੇ ਅਤੇ ਰਾਖ਼ਸ਼ਾਂ ਦੇ ਦੋ ਧੜਿਆਂ ਨੇ ਸਮੁੰਦਰ ਰਿੜਕਿਆ ਤਾਂ ਸਮੁੰਦਰ ਵਿਚੋਂ ਜ਼ਹਿਰ ਤੇ ਅੰਮ੍ਰਿਤ ਦੋਵੇਂ ਨਿਕਲੇ ਸਨ । ਪਰ ਹੁਣ ਜਿਸ ਨਗਰ ਦਾ ਮੰਥਨ ਹੋਇਆ ਹੈ ਉਸ ਵਿਚ ਸੁਰਾਂ ਤੇ ਅਸੁਰਾਂ ਦਾ ਕੋਈ ਭਿੰਨ ਨਹੀਂ । ਦੇਵਤਾ ਤੇ ਰਾਖ਼ਸ਼ ਦੀ ਕੋਈ ਪਛਾਣ ਨਹੀਂ । ਕੌਣ ਰਾਖ਼ਸ਼ ਹੈ ਅਤੇ ਕੌਣ ਦੇਵਤਾ । ਨਗਰ-ਮੰਥਨ ਵਿਚੋਂ ਕੁਝ ਨਾ ਕੁਝ ਤਾਂ ਜ਼ਰੂਰ ਨਿਕਲਣਾ ਹੀ ਸੀ, ਸੋ ਬਹੁਤ ਕੁਝ ਨਿਕਲਿਆ, ਬੜੀਆਂ ਚੀਜ਼ਾਂ, ਨਗਰ-ਮੰਥਨ ਰਾਹੀਂ ਅੰਦਰੋਂ ਨਿਕਲ ਬਾਹਰ ਸੜਕਾਂ ਤੇ ਗਲੀਆਂ ਵਿਚ ਖਿਲਰ ਗਈਆਂ ।

ਅੱਖਾਂ ਵਿਚ ਸੂਰਜ ਦੀਆਂ ਕਿਰਨਾਂ ਦੀ ਲੋਅ ਦੀ ਥਾਂ ਲੋਭ ਤੇ ਕਾਮ ਦੀ ਧੁਖਣ ! ਮੂੰਹ ਵਿਚ ਮਿੱਠੀਆਂ ਰਸੀਲੀਆਂ ਜੀਭਾਂ ਦੀ ਥਾਂ ਦੋ ਧਾਰੀ ਬਰਛੀਆਂ, ਰਸ ਭਰੇ ਸਬਦਾਂ ਦੀ ਥਾਂ ਤਿਖੀਆਂ-ਨੁਕੀਲੀਆਂ ਕਿਰਚਾਂ, ਹੱਥਾਂ ਦੀ ਥਾਂ ਬੇਲਚੇ ਤੇ ਲੱਤਾਂ ਦੀ ਥਾਂ ਸਵਾਰਥ ਦੀਆਂ ਬਸਾਖੀਆਂ । ਨਗਰ-ਮੰਥਨ ਦੀਆਂ ਇਹੋ ਖ਼ਾਸ ਮਹੱਤਵਪੂਰਨ ਨਿਸ਼ਾਨੀਆਂ ਸਨ । ਜਿਨ੍ਹਾਂ ਹਵਾ ਦੇ ਨਾਲ ਚੁਤਰਫ਼ੀ ਬਦਬੂਦਾਰ ਸੁਆਹ ਖਿਲਾਰ ਦਿਤੀ । ਜਿਸ ਵਿਚ ਸਾਹ ਵੀ ਨਹੀਂ ਸੀ ਲੈਣ ਹੁੰਦਾ, ਸਾਹ ਘੁਟੀਂਦਾ ਵੀ ਸੀ ਤੇ ਮਰਨ ਵੀ ਨਹੀਂ ਸੀ ਹੁੰਦਾ ।

ਬਹੁਤ ਦਿਨਾਂ ਪਿਛੋਂ ਉਹ ਘਰ ਤੋਂ ਨਿਕਲਿਆ ਤਾਂ, ਗਲੀ, ਜਿਹੜੀ ਉਸ ਦੀ ਡਿਓਢੀ ਨਾਲ ਸਿਰ ਜੋੜ ਕੇ ਲੇਟੀ ਹੋਈ ਸੀ, ਚੀਕ ਰਹੀ ਸੀ, ਕੁਰਲਾ ਰਹੀ ਸੀ, ਵੈਣ ਕਰ ਰਹੀ ਸੀ । ਉਸ ਦੀਆਂ ਪਸਲੀਆਂ ਬਾਹਰ ਨਿਕਲ ਆਈਆਂ ਸਨ । ਤੇ ਟੋਏ ਜਿਹੜੇ ਪਹਿਲਾਂ ਛੋਟੇ ਛੋਟੇ ਸਨ ਹੁਣ ਮਗੋਰੇ ਬਣ ਗਏ ਸਨ । ਗਲੀ ਦੇ ਆਸ ਪਾਸ ਕੰਧਿਆਂ ਦੇ ਅੰਗ ਭੁਰ-ਭੁਰ ਕੇ ਰੁੜ ਰਹੇ ਸਨ । ਆਉਂਦਾ ਜਾਂਦਾ ਹਰ ਕੋਈ ਗਲੀ ਦੇ ਸੀਨੇ ਉੱਤੇ ਹੋਏ ਜ਼ਖ਼ਮਾਂ ਤੋਂ ਬਚਦਾ ਬਚਾਂਦਾ ਮਗੋਰਿਆਂ ਤੋਂ ਤ੍ਰੱਪ-ਤ੍ਰੱਪ ਕੇ ਲੰਘਦਾ ਸੀ । ਗਲੀ ਦੇ ਆਸ ਪਾਸ ਦੂਰ ਖਲੋਤੇ ਘਰ ਉਸ ਦੀ ਹਾਲਤ ਵੇਖ ਬਹੁਤ ਉਦਾਸ ਹੋ ਗਏ ਸਨ ।

ਖੜਾਕ ਦੀ ਆਵਾਜ਼ ਨਾਲ ਉਸ ਨੂੰ ਰੁਕਣਾ ਪਿਆ । ਪਿਛੇ ਮੁੜ ਕੇ ਵੇਖਿਆ ਤਾਂ ਇਕ ਜੁਆਨ-ਜਹਾਨ ਕੁੜੀ ਜਿਸ ਨੇ ਨਵੇਂ ਫ਼ੈਸ਼ਨ ਦੇ ਸੈਂਡਲ ਪਾਏ ਹੋਏ ਸਨ, ਮੂੰਹ ਤੇ ਾਹਵਾਂ ਉਤੇ ਚਿੱਟਾ ਪੌਡਰ ਥਪਿਆ ਸੀ । ਉਹ ਡਿਗ ਪਈ ਸੀ ਤੇ ਆਪਣੇ ਆਪ ਨੂੰ

ਸੰਭਾਲਣ ਦਾ ਜਤਨ ਕਰ ਰਹੀ ਸੀ ਪਰ ਲਖ ਕੋਸ਼ਿਸ਼ ਬਾਅਦ ਵੀ ਉੱਠ ਨਾ ਸਕੀ। ਉਹ ਉਸ ਨੂੰ ਉਠਾਉਣ ਲਈ ਅਗੇ ਹੋਇਆ ਪਰ ਉਸ ਦੀਆਂ ਅੱਧ ਨੰਗੀਆਂ ਛਾਤੀਆਂ ਵੇਖ ਕੇ ਸੰਗ ਗਿਆ। ਪਰ ਇਹ ਕੀ ? ਇਕ ਛਾਤੀ ਕੁੜੀ ਦੇ ਨਾਲ ਲਗੀ ਹੋਈ ਸੀ ਤੇ ਦੂਜੀ ਗਲੀ ਦੇ ਇਕ ਮਗੋਰੇ ਵਿਚ ਡਿਗੀ ਹੋਈ ਸੀ ਤੇ ਉਹ ਦੂਜੀ ਛਾਤੀ ਨੂੰ ਟੇਹੜਾ ਕਰ ਕੇ ਕਮੀਜ਼ ਵਿਚ ਤੁੰਨਣ ਤੇ ਥਾਂ ਸਿਰ ਰਖਣ ਦਾ ਜਤਨ ਕਰ ਰਹੀ ਸੀ।

"ਕੀ ਵੇਖਦਾ ਪਿਆ ਏਂ ਯਾਰ ਮੈਨੂੰ ਉੱਠਾ !" ਉਸ ਨੇ ਇਧਰ ਉਧਰ, ਚੁਤਰਫੀ ਵੇਖਿਆ, ਇਹ ਆਵਾਜ਼ ਕਿਥੋਂ ਆਈ ਸੀ ?

"ਮੈਂ ਹੀ ਕਹਿ ਰਿਹਾ ਹਾਂ" ਕੁੜੀ ਨੇ ਆਖਿਆ। "ਮੈਂ ਕੁੜੀ ਨਹੀਂ ਮੁੰਡਾ ਹਾਂ, ਮੈਂ ਕੁੜੀ ਦਾ ਭੇਸ ਬਣਾਇਆ ਏ।"

ਉਸ ਨੇ ਅਗੇ ਹੋ ਕੇ ਉਸ ਨੂੰ ਉਠਾਇਆ ਤੇ ਪੁਛਿਆ, "ਇਹ ਰੂਪ ਤੂੰ ਕਿਉਂ ਬਣਾਇਆ ਏ ? ਭੇਸ ਕਿਉਂ ਵਟਾਇਆ ਏ ?"

"ਨੌਕਰੀ ਲੈਣ ਲਈ। ਸੁਣਿਆ ਏ ਕੁੜੀਆਂ ਨੂੰ ਨੌਕਰੀ ਜਲਦੀ ਮਿਲ ਜਾਂਦੀ ਏ" ਉਸ ਨੇ ਕਾਸ਼ਨੀ ਰੰਗ ਦੀ ਸੁਥਣ ਨੂੰ ਝਾੜਦੇ ਹੋਏ ਕਿਹਾ।

"ਫਿਰ ਮਿਲ ਗਈ ਏ ਤੈਨੂੰ ਨੌਕਰੀ ?" ਉਸ ਪੁਛਿਆ !

"ਨਹੰ—ਨਹੀਂ ਮਿਲੀ। ਨੌਕਰੀ ਦੇਣ ਵਾਲੇ ਨੇ ਹਸਦੇ ਕਿਹਾ "ਕਿ ਤੇਰੇ ਵਿਚ ਕੁੜੀਆਂ ਵਾਲੇ ਗੁਣ ਨਹੀਂ। ਪਹਿਲੇ ਕੁੜੀਆਂ ਵਾਲੇ ਗੁਣ ਆਪਣੇ 'ਚ ਪੈਦਾ ਕਰੋ।"

ਉਸ ਨੂੰ ਹਾਸਾ ਤਾਂ ਆਇਆ ਪਰ ਉਸ ਹੋਠਾਂ ਵਿਚ ਹੀ ਦਬ ਲਿਆ। ਨਗਰ ਮੰਥਨ ਦੇ ਬਾਅਦ ਕਾਨੂੰਨ ਸੀ ਕਿ ਜੇ ਹਸਣਾ ਵੀ ਹੋਏ ਤਾਂ ਕਿਧਰੇ ਉਜਾੜ, ਜੰਗਲ, ਨਵੇਕਲੀ ਥਾਂ ਦਰਿਆ ਦੇ ਕੰਢੇ ਜਾ ਕੇ ਹਸੋ। ਨਗਰ ਵਿਚ ਹਸਣ ਦੀ ਬੁਰਾਈ ਨੂੰ ਰੋਕਣਾ ਚਾਹੀਦਾ ਹੈ।

—ਹੁਣ ! ਹੁਣ ਅਗੋਂ ਤੂੰ ਕੀ ਕਰਨਾ ਏ ? ਕੀ ਸੋਚਿਆ ਈ ? ਉਸ ਨੇ ਪੁਛਿਆ।

ਕੋਸ਼ਿਸ਼ ਕਰਾਂਗਾ ਕਿ ਨੌਕਰੀ ਲਈ ਕੁੜੀਂ ਦੇ ਗੁਣਾਂ ਵਿਚ ਆਪਣੇ ਆਪ ਨੂੰ ਢਾਲ ਲਵਾਂ। ਨਹੀਂ ਤਾਂ ਨੌਕਰੀ ਨਹੀਂ ਮਿਲੇਗੀ ਤੇ ਮੈਨੂੰ ਭੀਖ ਮੰਗਣੀ ਪਏਗੀ, ਆਖਦੇ ਹੋਏ ਉਹ ਕੁੜੀ ਨਹੀਂ ! ਮੁੰਡਾ ਦੂਰ ਟੁਰ ਗਿਆ।

ਉਹ ਅਗੇ ਜਾਣ ਹੀ ਲਗਾ ਸੀ ਕਿ ਚਾਰ ਪੰਜ ਹੋਰਾਂ ਨੇ ਉਸ ਨੂੰ ਆ ਕੇ ਘੇਰ ਲਿਆ। ਉਹ ਘਾਬਰ ਗਿਆ ਸੀ ਤੇ ਸਾਰੇ ਮੁਸਕਰਾ ਰਹੇ ਸਨ।

"ਤੇਰਾ ਨਾਂ ਕੀ ਏ ?" ਇਕ ਨੇ ਪੁਛਿਆ।

"ਭਰਤ"

"ਇਹ ਬੀ ਕੋਈ ਨਾਂ ਏ ? ਖੈਰ ! ਅਗ ਤੋਂ ਤੂੰ ਕਿਸੀ ਡਿਗੀ ਹੋਈ ਕੁੜੀ ਨੂੰ ਨਹੀਂ ਉੱਠਾ ਸਕਦਾ।"

"ਕਿਉਂ ? ਕਿਉਂ ਨਹੀਂ ਉੱਠਾ ਸਕਦਾ ?" ਉਸ ਨੇ ਪੁਛਿਆ।

"ਇਸ ਲਈ ਕਿ ਜਿਸ ਡਿਗੇ ਹੋਏ ਨੂੰ ਉਠਾਉ, ਉਹ ਡਿਗਣ ਦਾ ਆਦੀ ਹੋ

ਜਾਂਦਾ ਏ। ਹਰ ਵਾਰੀ ਡਿਗਣ ਤੇ ਉਹ ਫਿਰ ਉਠਣ ਲਈ ਆਸਰਾ ਲਭਦਾ ਏ।" ਸਮਝੋ।

ਉਸ ਨੂੰ ਉਨ੍ਹਾਂ ਦੀ ਗੱਲ ਬੜੀ ਚੰਗੀ ਲਗੀ ਉਸ ਕਿਹਾ, "ਤੁਸੀਂ ਸਾਰੇ ਬੜੇ ਚੇਤੰਨ ਤੇ ਜਾਗਰਤ ਹੋ—ਠੀਕ ਹੀ ਕਿਹਾ ਏ ਤੁਸਾਂ।"

"ਹਾਂ! ਨਗਰ-ਮੰਥਨ ਤੋਂ ਬਾਅਦ ਜਾਗ੍ਰਿਤੀ ਦੀ ਵੀ ਇਕ ਲਹਿਰ ਆਈ ਏ। ਸਦੀਆਂ ਤੋਂ ਸਮਾਜੀ ਵਾਤਾਵਰਣ ਤੇ ਚੁਗਿਰਦੇ ਨੇ ਸਾਡੇ ਅਧਿਕਾਰਾਂ ਨੂੰ ਆਪਣੇ ਹੇਠ ਕੁਚਲੀ ਰਖਿਆ ਸੀ। ਹੁਣ ਅਸੀਂ ਸਾਰੀਆਂ ਜਾਗ ਪਈਆਂ ਹਾਂ।"

"ਕੀ—? ਤੁਸੀਂ ਜਾਗ ਪਈਆਂ ਹੋ?" ਉਸ ਦੇ ਮੂੰਹੋਂ ਹੈਰਾਨੀ ਨਾਲ ਨਿਕਲਿਆ।

"ਹਾਂ! ਆਪ ਜਾਗੀਆਂ ਹਾਂ ਤੇ ਹੋਰਾਂ ਲੋਕਾਂ ਨੂੰ ਜਗਾਉਂਦੀਆਂ ਹਾਂ।"

ਤਾਂ ਫਿਰ ਇਹ ਕੁੜੀਆਂ ਨੇ। ਪਰ ਕਿਹੋ ਜਿਹੀਆਂ ਕੁੜੀਆਂ ਹਨ? ਨਾ ਨੈਣਾ 'ਚ ਕੋਮਲਤਾ, ਨਾ ਨਰਮ ਮੁਲਾਇਮ ਹੋਂਠ, ਨਾ ਹੋਠਾਂ ਚੋਂ ਗੁਲਾਬ ਦੀ ਖ਼ੁਸ਼ਬੂ, ਨਾ ਗੁੱਥੇ, ਤਕੜੇ, ਤਨੇ ਹੋਏ ਜਿਸਮ, ਨਾ ਮਟਕ-ਨਾ ਹੁਲਾਰ। ਤੇ ਛਾਤੀਆਂ — ! ਛਾਤੀਆਂ ਤਾਂ ਹੈ ਹੀ ਨਹੀਂ ...।

ਗਲੀ ਚੋਂ ਨਿਕਲ ਉਹ ਬਾਹਰ ਸੜਕ ਉਤੇ ਟੁਰਨ ਲਗਾ। ਸੜਕ ਉਤੇ ਕਾਫ਼ੀ ਰੌਣਕ ਸੀ। ਲੋਕਾਂ ਦੇ ਆਣ-ਜਾਣ ਦੀ ਭੀੜ ਸੀ। ਅਡੋ-ਅਡ ਰੰਗ, ਭਾਂਤ-ਭਾਂਤ ਦੇ ਕਪੜੇ। ਮਰਦ ਜ਼ਨਾਨੀਆਂ ਵਿਚ ਪਛਾਣ ਹੀ ਨਹੀਂ ਸੀ ਹੁੰਦੀ, ਕਿਹੜਾ ਮਰਦ ਏ, ਕਿਹੜੀ ਔਰਤ ਏ। ਬਸ ਰੰਗਾ-ਰੰਗ ਦੇ ਸ਼ੋ ਕੇਸ ਜਿਹੇ ਟੁਰਦੇ ਸਨ, ਫਿਰਦੇ ਸਨ, ਨਸਦੇ ਸਨ, ਬਹਿੰਦੇ ਸਨ।

ਉਸ ਨੇ ਦੋ-ਚਾਰਾਂ ਨੂੰ ਨੇੜਿਓਂ ਨੀਝ ਲਗਾ ਕੇ ਵੇਖਿਆ ਤਾਂ ਲਗਿਆ ਉਨ੍ਹਾਂ ਦੀਆਂ ਅਖਾਂ ਤੇਜ਼ ਧਾਰ ਵਾਲੇ ਚਾਕੂ ਹੋਣ ਜਿਹੜੇ ਪਿੱਠ ਕਰਦੇ ਹੀ ਉਸ ਦੇ ਕਿਸੇ ਅੰਗ ਨੂੰ ਚੁਭਣਗੇ। ਪਰ ਸਾਰੇ ਹੀ ਡਿੰਗੇ ਟੇਡੇ ਟੁਰਦੇ ਪਏ ਸਨ ਜਿਵੇਂ ਮੰਗੀਆਂ ਹੋਈਆਂ ਲੱਤਾਂ ਨ ਲ ਟੁਰ ਰਹੇ ਹੋਣ ਤੇ ਮੰਗੀਆਂ ਹੋਈਆਂ ਲੱਤਾਂ ਉਨ੍ਹਾਂ ਦੇ ਸਰੀਰਾਂ ਨਾਲ ਰਾਸ ਨਾ ਆਂਦੀਆਂ ਹੋਣ।

ਦੁਕਾਨਾਂ ਨਵੀਂ ਨਵੇਲੀ ਦੁਲਹਨ ਵਾਂਗ ਸਜੀਆਂ ਸਨ। ਜਿਵੇਂ ਹਾਰ-ਸ਼ਿੰਗਾਰ ਕਰ ਕੇ ਗਾਹਕ-ਸਜਨ ਨੂੰ ਉਡੀਕ ਰਹੀਆਂ ਹੋਣ। ਪਰ ਪਰਿਵਰਤਨ ਵੀ ਉਸ ਨੂੰ ਜ਼ਰੂਰ ਲਗਿਆ ਸੀ ਕਿ ਦੁਕਾਨਾਂ ਉਤੇ ਸ਼ੀਸ਼ੇ ਬਹੁਤ ਲਗ ਗਏ ਸਨ। ਤੇ ਸੜਕ ਉਤੇ ਟੁਰਦੇ ਹਰ ਮਨੁੱਖ ਨੂੰ ਆਪਣਾ ਹੀ ਰੂਪ ਹਰ ਸ਼ੀਸ਼ੇ ਵਿਚੋਂ ਵਖ ਤੇ ਅਜੀਬ ਦਿਸਦਾ ਸੀ।

ਇਕ ਖੁਲ੍ਹੀ ਜਿਹੀ ਥਾਂ ਉੱਤੇ ਪੰਜ ਸੱਤ ਬੰਦੇ ਆਪਣੇ ਤੋਂ ਵੀ ਦੁਗਣੀਆਂ ਲੰਮੀਆਂ ਡਾਂਗਾਂ ਚੁਕੀ ਖਲੋਤੇ ਸਨ ਤੇ ਦਿਨ ਦੁਪਹਿਰ ਨੂੰ ਹੀ ਆਉਣ-ਜਾਣ ਵ ਲਿਆਂ ਦੇ ਚਿਹਰੇ ਟਾਰਚਾਂ ਬਾਲ-ਬਾਲ ਵੇਖ ਰਹੇ ਸਨ। ਤੇ ਥੋੜੀ ਦੂਰ ਬਹੁਤ ਸਾਰੇ ਲੋਕ ਇਕ ਬਾਰੀ ਵਲ ਵਧਣ ਲਈ ਲਾਈਨ ਵਿਚ ਖਲੋਤੇ ਸਨ। ਉਸ ਨੇ ਇਕ ਡਾਂਗ ਵਾਲੇ ਨੂੰ ਪੁਛਿਆ "ਇਥੇ ਕੀ ਹੋ ਰਿਹਾ ਏ? ਕੀ ਮਿਲ ਰਿਹਾ ਏ ਇਥੇ?"

ਡਾਂਗ ਵਾਲੇ ਨੇ ਮੱਥੇ ਨੂੰ ਤਿਉੜੀ ਪਾਈ ਤੇ ਡਾਂਗ ਖੜਕਾਉਣ ਲਈ ਧਰਤੀ ਉੱਤੇ

ਮਾਰੀ, ਪਰ ਡਾਂਗ ਉਸ ਦੇ ਆਪਣੇ ਪੈਰਾਂ ਉਤੇ ਹੀ ਵਜੀ। ਉਸ ਨੇ ਬੜੇ ਗੁਸੇ ਨਾਲ ਕਿਹਾ "ਇਥੇ ਜੀਂਦਾ-ਨਾਚ ਹੋਏਗਾ।"

ਉਹ ਬੜਾ ਹੈਰਾਨ ਹੋਇਆ "ਭਾਈ ਸਾਹਿਬ! ਕਦੇ ਮੁਰਦਿਆਂ ਦਾ ਨਾਚ ਵੀ ਹੁੰਦਾ ਏ?" ਉਸ ਨੇ ਪੁਛਿਆ।

ਡਾਂਗ ਵਾਲੇ ਨੇ ਦੂਜੇ ਆਦਮੀ ਸੈਨਤ ਮਾਰੀ। ਦੂਜਾ ਆਦਮੀ ਉਸ ਨੂੰ ਬਾਂਹ ਤੋਂ ਪਕੜ ਕੇ ਲੋਕਾਂ ਦੇ ਹਜੂਮ ਚੋਂ ਬਾਹਰ ਸੜਕ ਦੇ ਵਿਚਕਾਰ ਘਸੀਟ ਲਿਆਇਆ।

"ਇੱਥੇ ਬੁੱਤ ਬਣੀ ਖਲੋਤਾ ਕੀ ਕਰ ਰਿਹਾ ਏਂ?" ਉਸ ਦੇ ਗੁਆਂਢੀ ਨੇ ਸਨੇਹ ਨਾਲ ਪੁਛਿਆ।

"ਤਸਵੀਰ ਵੇਖ ਰਿਹਾ ਹਾਂ.. ਇੰਨੀ ਵਡੀ ਤੇ ਡਰਾਉਣੀ ਤਸਵੀਰ ਮੈਂ ਪਹਿਲਾਂ ਕਦੇ ਕਿਧਰੇ ਨਹੀਂ ਵੇਖੀ। ਨਚਣ ਵਾਲੀ, ਅੱਧ ਨੰਗੀ ਜ਼ਨਾਨੀ ਨੇ ਰਾਖ਼ਸ਼ਾਂ ਵਾਲਾ ਮਖੌਟਾ ਲਗਾਇਆ ਏ ਤੇ ਹੱਥ ਵਿਚ ਲਿਸ਼-ਲਿਸ਼ ਕਰਦਾ ਤੇਜ਼ ਚਾਕੂ ਫੜਿਆ ਹੋਇਆ ਏ। ਚੰਗਾ ਭਲਾ ਰਿਸ਼ਟ-ਪੁਸ਼ਟ, ਭਲਵਾਨ ਚੁੱਟ ਆਦਮੀ ਉਸ ਦੀਆਂ ਮਿੰਨਤਾਂ ਕਰਦਾ ਏ।"

"ਇਹ ਜ਼ਨਾਨੀ ਕਤਲ ਕਰਦੀ ਏ?" ਗੁਆਂਢੀ ਨੇ ਆਖਿਆ।

"ਕਿਸ ਦਾ?" ਹੈਰਾਨ ਪਰੇਸ਼ਾਨ ਹੋਏ ਨੇ ਪੁਛਿਆ।

"ਇਸੇ ਆਦਮੀ ਦਾ.. ਰੋਜ਼ ਕਤਲ ਕਰਦੀ ਏ।"

"ਰੋਜ਼ ਕਰਦੀ ਏ? ਇਹ ਮਰਦਾ ਨਹੀਂ?" ਉਸ ਨੇ ਪੁਛਿਆ।

ਉਸ ਦਾ ਗੁਆਂਢੀ ਮੁਸਕਰਾਇਆ! "ਇਹ ਰੋਜ਼ ਇਸ ਦਾ ਸਿਰ ਵਢਦੀ ਏ! ਨਾਟਕ ਵਿਚ! ਇਹ ਦੋਹੇਂ ਨਾਟਕ ਖੇਡਦੇ ਹਨ।"

"ਤੇ ਲਾਈਨ ਵਿਚ ਖਲੋਤੇ ਸਾਰੇ ਲੋਕ ਰੋਜ਼ ਇਨ੍ਹਾਂ ਦਾ ਨਾਟਕ ਦੇਖਦੇ ਹਨ?" ਉਸ ਨੇ ਪੁਛਿਆ।

"ਹਾਂ, ਨਾਟਕ ਦੇਖਦੇ ਨੇ!"

"ਮੈਨੂੰ ਤਾਂ ਅੱਜ ਸਾਰਾ ਸ਼ਹਿਰ ਹੀ ਨਾਟਕ ਜਿਹਾ ਲਗ ਰਿਹਾ ਏ।" ਉਸ ਨੇ ਕਿਹਾ।

ਉਸ ਦੇ ਗੁਆਂਢੀ ਨੇ ਝਟ ਟੋਕ ਦਿਤਾ "ਸ਼ਹਿਰ ਬਾਰੇ ਕੋਈ ਗੱਲ ਸੜਕ ਉਤੇ ਟੁਰਦੇ ਨਹੀਂ ਕਰਨੀ।"

"ਕਿਉਂ ਨਹੀਂ ਕਰਨੀ?" ਉਸ ਨੇ ਜ਼ੋਰ ਨਾਲ ਪੁਛਿਆ। ਤਾਂ ਗੁਆਂਢੀ ਨੇ ਉਸ ਦੇ ਮੂੰਹ ਉੱਤੇ ਹੱਥ ਰਖ ਕੇ ਮੂੰਹ ਬੰਦ ਕਰ ਦਿਤਾ "ਸੜਕ ਉੱਤੇ ਟੁਰਦੇ ਸ਼ਹਿਰ ਬਾਰੇ ਗੱਲ ਕਰੋ ਤਾਂ ਸਾਰੇ ਲੋਕ ਪਾਗਲ ਕਹਿਣ ਲਗ ਪੈਂਦੇ ਨੇ — ਤੇ ਹੋ ਵੀ ਸਕਦਾ ਏ ਕਿ ਆਪਣੇ ਨੁਕਸਾਨ ਤੋਂ ਡਰਦੇ ਕਿਸੇ ਕਮਰੇ ਵਿਚ ਡਕ ਵੀ ਦੇਣ।'

ਉਹ ਚੁੱਪ ਤਾਂ ਕਰ ਗਿਆ ਪਰ ਅੰਦਰੋਂ ਅੰਦਰੀਂ ਵਿਸ ਘੋਲਦਾ ਰਿਹਾ। ਉਸ ਨਗਰ, ਉਸ ਸ਼ਹਿਰ, ਜਿਸ ਵਿਚ ਉਹ ਰਹਿੰਦਾ ਸੀ ਉਥੇ ਕਿੰਨਾ ਪੁੱਠਾ ਪ੍ਰੀਵਰਤਨ ਹੋ ਰਿਹਾ ਸੀ! ਲੋਕ ਕੀ ਦੇ ਕੀ ਬਣ ਗਏ ਸਨ ਤੇ ਉਸ ਨੂੰ ਕੁਝ ਕਹਿਣ ਦਾ ਹੱਕ ਨਹੀਂ ਸੀ।

ਸ਼ਹਿਰ ਦੇ ਬਾਹਰ ਵਡੀ ਸੜਕ ਚੁੱਪ-ਚਪੀਤੀ ਲੇਟੀ ਹੌਕੇ ਭਰਦੀ ਰਹਿੰਦੀ ਸੀ। ਕਦੀ-ਕਦਾਈਂ ਕੋਈ ਘੂਕਦੀ ਗਡੀ ਉਸ ਦੀ ਛਾਤੀ ਤੋਂ ਲੰਘਦੀ ਤਾਂ ਉਹ ਠੰਡਾ ਸਾਹ ਭਰਦੀ ਪਾਸਾ ਪਰਤ ਲੈਂਦੀ ਸੀ।

ਇਹੀ ਇਕ ਨਵੇਕਲੀ ਸੜਕ ਸੀ ਜਿਸ ਉੱਤੇ ਟੁਰਦੇ-ਟੁਰਦੇ ਸ਼ਹਿਰ ਬਾਰੇ ਕੋਈ ਗੱਲ ਹੋ ਸਕਦੀ ਸੀ। ਉਹ ਦੋਵੇਂ ਇਵੇਂ ਟੁਰ ਰਹੇ ਸਨ ਜਿਵੇਂ ਸੜਕ ਦੇ ਸਾਹ ਗਿਣ ਰਹੇ ਹੋਣ ਤੇ ਡਰਦੇ ਹੋਣ ਕਿ ਕਿਧਰੇ ਗਿਣਤੀ ਗ਼ਲਤ ਨਾ ਹੋ ਜਾਏ।

ਅਚਾਨਕ ਹੀ ਉਸ ਦਾ ਗੁਆਂਢੀ ਖਲੋਅ ਗਿਆ "ਦੇਖ!" ਉਸ ਨੇ ਮੁੰਡੀ ਉੱਚੀ ਕੀਤੀ, ਸਚੀ! ਵੇਖਣ ਵਾਲੀ ਹੀ ਚੀਜ਼ ਸੀ। ਕੋਈ ਦੋ ਸੌ ਹੱਥ ਲੰਮੀ ਤਸਵੀਰ ਇੰਨੀ ਸੋਹਣੀ ਸੀ ਕਿ ਵੇਖਣ ਵਾਲੇ ਦੀ ਵਰ੍ਹਿਆਂ ਤੀਕ ਨਜ਼ਰ ਨਾ ਭਰੇ।

"ਇਹ ਇੰਨੀ ਲੰਮੀ ਤਸਵੀਰ ਇਥੇ ਕਿੰਝ ਲਗੀ ਏ? ਕਿਸ ਨੇ ਲਗਾਈ ਏ?" ਉਸ ਨੇ ਪੁਛਿਆ।

"ਕੁਝ ਦਿਰ ਤੋਂ ਇਥੇ ਇਹ ਤਸਵੀਰ ਲਗਦੀ ਏ, ਬਦਲ ਜਾਂਦੀ ਏ, ਫਿਰ ਲਗ ਜਾਂਦੀ ਏ: ਨਵੇਂ-ਨਵੇਂ ਰੰਗ, ਨਵੀਂ-ਨਵੀਂ ਥੀਮ, ਨਵਾਂ-ਨਵਾਂ ਵਿਚਾਰ! ਨਵੀਆਂ-ਨਵੀਆਂ ਕਲਪਨਾਂ ਦੀਆਂ ਸਤ ਰੰਗੀਆਂ ਉਡਾਰੀਆਂ, ਤਰਗਾਂ, ਨਵੇਂ ਮਨੋਰਥ।"

ਉਹ ਉਸ ਵਡੀ ਤਸਵੀਰ ਦੇ ਵਿਚ ਖਲੋਤੇ ਸਨ ਤੇ ਤਸਵੀਰ ਫਿਰ ਵੀ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ। ਪੰਜ-ਸਤ ਗਾਇਕ ਅੱਖਾਂ ਮੀਟ ਕੇ ਮੂੰਹ ਖੋਹਲ ਕੇ ਗਾਣੇ ਗਾ ਰਹੇ ਸਨ। ਉਨ੍ਹਾਂ ਦੇ ਹਾਵਾਂ-ਭਾਵਾਂ ਤੋਂ ਲਗਦਾ ਸੀ ਕਿ ਉਣ ਗਾਣੇ ਵਿਚ ਸਮੁਚੇ ਖੁਭੇ ਹੋਏ ਹੋਰ ਸਭ ਕੁਝ ਸੁਧ ਬੁਧ ਭੁਲ ਗਏ ਹਨ। ਤਸਵੀਰ ਤਾਂ ਬਹੁਤ ਸੁੰਦਰ ਸੀ ਪਰ ਗਾਇਕਾ ਦੇ ਹੱਥਾਂ 'ਚ ਸਾਜ਼ਾਂ ਤੇ ਤਾਨਪੁਰੇ ਦੀ ਥਾਂ ਹਾਥੀ ਦੰਦ ਸਨ। ਵਡੇ-ਵਡੇ ਹਾਥੀ ਦੰਦ ਤੇ ਉਹ ਸਾਰੇ ਹਾਥੀ ਦੰਦ ਵਜਾਂਦੇ ਗਾ ਰਹੇ ਸਨ।

"ਦੋਸਤਾ ਸਮਝ ਨਹੀਂ ਆ ਰਹੀ, ਕਿ ਇਹ ਸੰਗੀਤਕਾਰ, ਇੰਨ੍ਹਾਂ ਦੇ ਮੁਹਾਂਦਰੇ, ਇਨ੍ਹਾਂ ਦਾ ਸੰਗੀਤ, ਗਾਣਾ ਸਭੋ ਕੁਝ ਠੀਕ ਹੈ ਪਰ ਕਦੇ ਹਾਥੀ ਦੰਦ ਵੀ ਸਾਜ਼ਾਂ ਵਾਂਗ ਵਜ ਸਕਦੇ ਹਨ?"

"ਹਾਥੀ ਦੰਦ ਵਜਦਾ ਤਾਂ ਨਹੀਂ ਪਰ ਦਿਸਦਾ ਤਾਂ ਹੈ ਨਾ" ਉਸ ਦੇ ਗੁਆਂਢੀ ਨੇ ਜੁਆਬ ਦਿਤਾ।

"ਤੂੰ ਉਹ ਅਖਾਣ ਨਹੀਂ ਸੁਣਿਆ ਜੇ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਣ ਦੇ ਹੋਰ?"

"ਤਾਂ ਇਹ ਸੰਗੀਤਕਾਰ ਨਹੀਂ ਹਾਥੀ ਦੇ ਦੰਦ ਹੋਏ ਫਿਰ?"

ਗੁਆਂਢੀ ਹੌਲੀ ਜਿਹੀ ਹੱਸਿਆ "ਹਾਂ, ਇਹੋ ਹੀ ਗੱਲ ਏ। ਨਗਰ ਮੰਥਨ ਦੇ ਬਾਦ ਇਕ ਅਜੀਬ ਰਿਵਾਜ ਚਲਿਆ ਏ ਜੇ ਹਾਥੀ ਦੇ ਦੰਦ ਨੂੰ ਮੋਢੇ ਉਤੇ ਰਖ ਕੇ, ਮੂਹ ਇਸ ਤਰ੍ਹਾਂ ਬਣਾਉ ਕਿ ਗਾਉਂਦੇ ਦਿਸੋ। ਤੁਸੀਂ ਵੀ ਸੰਗੀਤਕਾਰਾਂ ਵਿਚ ਸ਼ਾਮਲ ਹੋ ਜਾਉਗੇ।"

"ਅਸਲ ਸੰਗੀਤਕਾਰਾਂ ਦਾ ਕੀ ਬਣੇਗਾ? ਉਹ ਕੀ ਕਰਨਗੇ?"

"ਸ਼ਹਿਰ ਤੋਂ ਬਾਹਰ ਇਕ ਨਵੀਂ-ਬਸਤੀ ਬਣਨੀ ਏ। ਹੋਰ ਸਮਾਨ ਨਾਲ ਉਥੇ

ਮਿੱਟੀ ਦੀ ਲੋੜ ਵੀ ਪੈਣੀ ਹੈ ਤੇ ਅਸਲ ਸੰਗੀਤਕਾਰ ਉਥੇ ਟਟੂਆਂ ਉੱਤੇ ਮਿੱਟੀ ਢੋਹਣਗੇ।"

ਉਹ ਦੋਵੇਂ ਪਿਛੇ ਮੁੜਦੇ ਸੜਕ ਦੇ ਵਿਚਕਾਰ ਟੁਰਨ ਲਗ ਪਏ। ਗੱਲਾਂ ਵਿਚ ਮਗਨ ਦੋਹਾਂ ਨੂੰ ਵਡੀ ਗਡੀ ਦੀ ਚੀਕਵੀਂ ਅਵਾਜ਼ ਵੀ ਸੁਣਾਈ ਨਾ ਦਿਤੀ। ਜ਼ੋਰ ਦੀ ਬਰੇਕ ਨਾਲ ਗੱਡੀ ਉਨ੍ਹਾਂ ਦੇ ਬਿਲਕੁਲ ਨਾਲ ਜੁੜਵੀਂ ਖਲੋਅ ਗਈ ਸੀ। ਗੁਸੇ 'ਚ ਲਾਲ-ਪੀਲਾ ਡਰਾਈਵਰ ਗਡੀ 'ਚੋਂ ਉਤਰਿਆ ਤੇ ਸਿਧਾ ਉਸ ਨੂੰ ਗਲੇ ਤੋਂ ਫੜ ਲਿਆ।

"ਡਰਾਈਵਰ ਸਾਹਬ! ਕੀ ਗ਼ਲਤੀ ਕੀਤੀ ਏ ਇਸ ਨੇ ?" ਉਸ ਦੇ ਗੁਆਂਢੀ ਨੇ ਤ੍ਰਾਂਹਦੇ ਹੋਏ ਪੁਛਿਆ।

"ਇਹ ਤਾਂ ਕੋਈ ਜੰਗਲੀ ਲਗਦਾ ਏ ? ਸੜਕ ਉੱਤੇ ਕਿਥੇ ਖਲੋਤਾ ਹੋਇਆ ਏ ? ਇਸ ਨੂੰ ਇੰਨੀ ਸਮਝ ਵੀ ਨਹੀਂ ?"

"ਮਾਫ਼ ਕਰ ਦਿਉ! ਇਸ ਨੂੰ ਧਿਆਨ ਨਹੀਂ ਰਿਹਾ। ਅਗੇ ਤੋਂ ਐਸੀ ਗ਼ਲਤੀ ਨਹੀਂ ਹੋਏਗੀ।"

"ਗ਼ਲਤੀ ਨਹੀਂ, ਇਸ ਨੇ ਜੁਰਮ ਕੀਤਾ ਹੈ। ਇਸ ਨੂੰ ਪਤਾ ਨਹੀਂ ਕਿ ਸੜਕਾਂ ਦੇ, ਗਡੀਆਂ ਦੇ ਤੇ ਡਰਾਈਵਰਾਂ ਦੇ ਨਿਯਮ ਵੀ ਬਦਲ ਗਏ ਨੇ। ਪਹਿਲਾਂ ਨਿਯਮ ਸੀ ਕਿ ਹਰ ਗਡੀ ਅਤੇ ਡਰਾਈਵਰ ਨੂੰ ਸਮਝ ਲੈਣਾ ਪੈਂਦਾ ਸੀ ਕਿ ਸੜਕ ਉੱਤੇ ਟੁਰਦਾ ਤੇ ਖਲੋਤਾ ਹਰ ਮਨੁੱਖ ਅੰਨਾ ਹੈ ਪਰ ਹੁਣ ਸੜਕ ਉੱਤੇ ਖਲੋਤੇ ਤੇ ਟੁਰਦੇ ਹਰ ਆਦਮੀ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਹਰ ਗਡੀ ਤੇ ਹਰ ਡਰਾਈਵਰ ਅੰਨਾ ਹੈ। ਹੁਣ ਤਾਂ ਛਡ ਦਿੰਦਾ ਹਾਂ ਪਰ ਅਗੇ ਖ਼ਿਆਲ ਰਖਣਾ" ਆਖਦਾ ਡਰਾਈਵਰ ਆਪਣੇ ਗੁਸੇ ਦਾ ਲਾਲ-ਪੀਲਾ ਰੰਗ ਸੜਕ ਉਤੇ ਝਾੜਦਾ ਗਡੀ ਵਿਚ ਬੈਠ ਗਿਆ ਤੇ ਗਡੀ ਘੂੰਕਦੀ ਟੁਰ ਗਈ।

"ਇਸ ਨੇ ਕੀ ਕਿਹਾ ਏ ?" ਉਸ ਨੇ ਗੁਆਂਢੀ ਤੋਂ ਪੁਛਿਆ।

"ਕਿਹਾ ਏ, ਖ਼ਿਆਲ ਰਖੀਂ। ਹਰ ਗਡੀ ਅੰਨੀ ਏ। ਅੰਨੇ ਆਦਮੀ ਵਾਂਗ ਉਪਰ ਚੜ੍ਹ ਜਾਏਗੀ। ਹੁਣ ਚਲ ਅਗੇ ਚਲੀਏ।"

ਘੁਸ ਮੁੱਸਾ ਹਨੇਰਾ ਫੈਲ ਗਿਆ ਸੀ। ਦੋਹਾਂ ਦਾ ਜੀਅ ਕਰਦਾ ਸੀ ਕਿ ਹੋਰ ਵੀ ਤਸਵੀਰਾਂ ਵੇਖੀਆਂ ਜਾਣ ਤੇ ਫਿਰ ਸ਼ੁਰੂ ਤੋਂ ਵੇਖਣਾ ਸ਼ੁਰੂ ਕਰੀਏ ਪਰ ਇੰਨੀ ਲੰਮੀ ਤਸਵੀਰ ਵੇਖਣ ਲਈ ਕਾਫ਼ੀ ਸਮਾਂ ਚਾਹੀਦਾ ਸੀ। ਦੋਹਾਂ ਸਲਾਹ ਕੀਤੀ ਕਿ ਕਿਸੇ ਦਿਨ ਸਤੀਂ ਸਵੇਰੇ ਆ ਕੇ ਉਹ ਲੰਮੀ ਤਸਵੀਰ ਵੇਖਣਾ ਸ਼ੁਰੂ ਕਰਨਗੇ।

ਜਿਵੇਂ ਹੀ ਉਹ ਸ਼ਹਿਰ ਦੇ ਨੇੜੇ ਪੁਜਦੇ ਗਏ ਚਾਨਣਾ ਵਧਦਾ ਗਿਆ, ਸੂਰਜ ਨਿਕਲ ਆਇਆ, ਦਿਨ ਚੜ੍ਹ ਆਇਆ ਸੀ। ਚੁਤਰਫ਼ੀ ਇੰਨਾ ਚਾਨਣਾ ਫੈਲ ਗਿਆ ਸੀ ਕਿ ਅੱਖੀਆਂ 'ਚ ਚੁਭਣ ਲਗਾ।

ਹੁਣ ਬਜ਼ਾਰ ਦਾ ਨਜ਼ਾਰਾ ਹੋਰ ਵੀ ਸੁਹਾਵਣਾ ਹੋ ਗਿਆ ਸੀ। ਸਾਰੇ ਟੁਰਦੇ-ਫਿਰਦੇ ਲੋਕ ਬਹੁਤ ਚੰਗੇ ਲਗ ਰਹੇ ਸਨ। ਨੰਗੇ ਵੀ, ਕੱਜੇ ਵੀ, ਪੈਰਾਂ ਵਾਲੇ ਵੀ, ਤੇ ਲੰਗੜੇ ਲੂਲ੍ਹੇ, ਮੋਟੇ-ਪਤਲੇ ਸਾਰੇ ਹੀ ਬਹੁਤ ਸੋਹਣੇ ਲਗਦੇ ਸਨ।

ਉਹ ਕੁਝ ਕਹਿਣਾ ਚਾਹੁੰਦਾ ਸੀ ਪਰ ਉਸ ਗੱਲ ਹੋਠਾਂ ਵਿਚ ਹੀ ਦਬੀ ਰਖੀ। ਉਹ ਚੌਕ ਵਿਚ ਪਹੁੰਚੇ, ਚੌਂਕ ਵਿਚ ਖਲੋਤੇ ਇਕ ਆਦਮੀ ਦੇ ਸਿਰ ਉੱਤੇ ਲਾਟੂ ਜਗਦਾ ਵੇਖ ਉਸ ਤੋਂ ਹੋਰ ਜੇਰਾ ਨਾ ਹੋ ਸਕਿਆ। ਉਸ ਹੌਲੀ ਜਿਹੀ ਕਿਹਾ "ਨਗਰ-ਮੰਥਨ ਦੇ ਬਾਅਦ ਸਾਡੇ ਨਗ਼ਰ ਦੇ ਦੋ ਹਿੱਸੇ ਹੋ ਗਏ ਨੇ।"

"ਕੀ ਮਤਲਬ...? ਗੁਆਂਢੀ ਨੇ ਇਕ ਜ਼ਨਾਨੀ ਦੀਆਂ ਲੱਤਾਂ ਵੇਖਦੇ ਕਿਹਾ ਜਿਸ ਦਾ ਉਪਰਲਾ ਧੜ ਮਰਦ ਵਾਂਗ ਦਿਸਦਾ ਸੀ।

"ਸਾਡੇ ਘਰ ਤੇ ਗਲੀ ਗੁਆਂਢ ਸੂਰਜ ਛੁਪਣ ਤੋਂ ਬਾਅਦ ਕਦੇ ਚਾਨਣ ਨਹੀਂ ਹੋਇਆ ਤੇ ਇਥੇ ਕੋਈ ਵੀ ਕੋਨਾ ਹਨੇਰਾ ਨਹੀਂ। ਚੁਤਰਫ਼ੀ ਰੋਸ਼ਨੀ ਫੈਲੀ ਹੈ।"

"ਜਿਹੜੀ ਰੋਸ਼ਨੀ ਸਾਡੇ ਲਈ ਸੀ ਸਾਨੂੰ ਮਿਲਣੀ ਸੀ ਉਹ ਵੀ ਇਥੇ ਹੀ ਬਲ ਰਹੀ ਏ ਤਦੇ ਹੀ ਸਾਰੇ ਪਾਸੇ ਰੋਸ਼ਨੀ ਏ, ਚਾਨਣ ਏ। ਇਥੇ ਰੋਸ਼ਨੀ ਲਈ ਸੋਨਾ ਬਲਦਾ ਏ" ਉਸ ਦੇ ਗੁਆਂਢੀ ਨੇ ਕੰਨ ਵਿਚ ਆਖਿਆ।

"ਕੀ...? ਸੋਨਾ ਵੀ ਕਦੇ ਬਲਦਾ ਏ? ਬਿਜਲੀ ਦੀ ਲੋਅ ਹੁੰਦੀ ਏ — ਲਾਟੂ ਬਲਦੇ ਨੇ ਟਿਊਬਾਂ ਬਲਦੀਆਂ ਨੇ..."

"ਸੋਨਾ ਹੀ ਤਾਂ ਬਲਦਾ ਏ...ਸਗੋਂ ਜਿਥੇ ਕਿਧਰੇ ਥੋੜ੍ਹੀ ਬਹੁਤੀ ਰੋਸ਼ਨੀ ਬਲਦੀ ਹੋਏ ਉਸ ਨੂੰ ਵੀ ਆਪਣੇ ਵਿਚ ਸਮਾਅ ਕੇ ਇਥੇ ਹੋਰ ਤੇਜ਼ ਬਲਦਾ ਏ, ਹੋਰ ਤੇਜ਼ ਰੋਸ਼ਨੀ ਹੁੰਦੀ ਏ..."

ਸੜਕ ਨੇ ਉਨ੍ਹਾਂ ਨੂੰ ਫੇਰ ਟੋਰ ਕੇ ਘੁੰਮ ਘੁਮਾ ਕੇ ਫਿਰ ਗਲੀ ਵਿਚ ਧੱਕ ਦਿਤਾ। ਉਨ੍ਹਾਂ ਦੋਹਾਂ ਆਪਸ ਵਿਚ ਹੱਥ ਪਕੜ ਲਏ। ਗਲੀ 'ਚ ਅੰਧ-ਗੁਬਾਰ ਹਨੇਰਾ ਸੀ। ਮਸਾਂ ਦੋ ਤਿੰਨ ਕਦਮ ਹੀ ਪੁੱਟੇ ਹੋਣੇ ਨੇ ਕਿ ਉਸ ਦਾ ਗੁਆਂਢੀ ਮੱਥਾ ਪਕੜ ਕੇ ਬੈਠ ਗਿਆ। ਉਸ ਦਾ ਹੱਥ ਛੁਟ ਗਿਆ।

"ਕੀ ਹੋਇਆ...? ਕਿਉਂ ਬੈਠ ਗਿਆ ਤੂੰ...?"

"ਕਿਸੇ ਨਾਲ ਸਿਰ ਵਜਾ ਏ, ਇੰਨੇ ਜ਼ੋਰ ਦੀ ਟਕਰ ਲਗੀ ਏ ਕਿ ਅੱਖਾਂ ਅਗੇ ਭੰਬੂ ਤਾਰੇ ਨਚਣ ਲਗੇ ਨੇ।"

"ਹਾਂ, ਹਨੇਰਾ ਵੀ ਤਾਂ ਬਹੁਤ ਏ ਨਾ, ਤੂੰ ਠੀਕ ਆਖਿਆ ਸੀ ਕਿ ਬਿਜਲੀ ਨਹੀਂ ਸੋਨਾ ਬਲਦਾ ਏ। ਪਰ ਇਥੇ ਸੋਨਾ ਕਿਥੇ ਐ...? ਸੋਨਾ ਤਾਂ ਇਕ ਪਾਸੇ ਰਿਹਾ ਇਥੇ ਤਾਂ ਰੱਤ ਵੀ ਨਹੀਂ ਬਲ਼ਦੀ।

# 2

ਨਵੇਂ ਦਿਨ ਨਵਾਂ ਸੂਰਜ ਚੜ੍ਹਿਆ । ਚਾਨਣ ਚੁਤਰਫ਼ੀ ਫੈਲ ਗਿਆ । ਤੇ ਸੂਰਜ ਨੇ ਉਸ ਦਾ ਬੂਹਾ ਵੀ ਖੜਕਾਇਆ । ਉਹ ਅੱਖਾਂ ਮਲ਼ਦਾ ਉਠਿਆ, ਬੂਹੇ ਦੇ ਭਿਤ ਖੋਹਲੇ "ਕੀ ਗਲ ਏ...? ਕੌਣ ਏਂ ਤੂੰ...?" ਉਸ ਪੁਛਿਆ ।

"ਮੈਂ ਸੂਰਜ ਹਾਂ । ਮੇਰੇ ਆਣ ਨਾਲ ਸੰਸਾਰ ਵਿਚ ਰੋਸ਼ਨੀ ਹੋ ਜਾਂਦੀ ਏ, ਦਿਨ ਚੜਦਾ ਏ । ਤੈਨੂੰ ਆਖਣ ਆਇਆਂ ਕਿ ਮੈਂ ਆ ਗਿਆ ਹਾਂ, ਦਿਨ ਚੜ੍ਹ ਗਿਆ ਏ ਤੇ ਤੂੰ ਹੁਣ ਉੱਠ ।"

ਉਹ ਆਪਣੇ ਹੀ ਘਰ ਖਲੋਤਾ ਸੀ । ਇਸੇ ਲਈ ਜ਼ੋਰ ਦੀ ਹਸਿਆ "ਤੂੰ...? ਸੂਰਜ ਏਂ...? ਤੇਰੀ ਸੂਰਤ ਤਾ ਸੜੇ ਹੋਏ ਫੁਲਕੇ ਤੋਂ ਵੀ ਭੈੜੀ ਦਿਸ ਰਹੀ ਏ...?"

ਸੂਰਜ ਨੇ ਨਾ ਗੁਸਾ ਕੀਤਾ ਨਾ ਬੁਰਾ ਮਨਾਇਆ ਤੇ ਹਸ ਪਿਆ—"ਮੇਰੇ ਬਾਰੇ ਲੋਕ ਬਹੁਤ ਕੁਝ ਕਹਿੰਦੇ ਨੇ, ਬੜੀਆਂ ਵਖੋ ਵਖ ਗੱਲਾਂ ਕਰਦੇ ਨੇ ਪਰ ਮੈਂ ਕਦੇ ਬੁਰਾ ਨਹੀਂ ਮਨਾਇਆ, ਕਦੇ ਮੈਨੂੰ ਮੰਦਾ ਨਹੀਂ ਲਗਾ । ਮੇਰਾ ਕੰਮ ਹੈ ਰੋਜ਼ ਆਉਣਾ ਤੇ ਘਰ ਘਰ, ਬੂਹੇ ਬੂਹੇ ਫਿਰ-ਫਿਰ ਲੋਕਾਂ ਨੂੰ ਜਗਾਉਣਾ ।"

"ਮੈਂ ਜਾਗ ਪਿਆ ਹਾਂ, ਹੁਣ ਤੂੰ ਜਾ..."

"ਮੈਂ ਚਲਿਆ ਹਾਂ । ਪਰ...! ਲੋਕ ਮੈਨੂੰ ਕਹਿ ਤਾਂ ਛਡਦੇ ਨੇ ਅਸੀਂ ਜਾਗ ਪਏ ਹਾਂ...ਤੂੰ ਹੁਣ ਜਾ । ਮੇਰੇ ਪਿੱਠ ਮੋੜਦੇ ਹੀ ਫਿਰ ਸੋ ਜਾਂਦੇ ਹਨ । ਬਹੁਤ ਲੋਕ ਤਾਂ ਮੇਰੇ ਨਾਲ ਝੂਠ ਬੋਲਣ ਲਗ ਪਏ ਹਨ ।" ਆਖਦੇ ਹੋਏ ਸੂਰਜ ਦਾ ਚਿਹਰਾ ਉਦਾਸ, ਗਮਗੀਨ ਹੋ ਗਿਆ ਤੇ ਸੂਰਜ ਅਕਾਸ਼ ਦੀ ਛਾਤੀ ਉਤੇ ਤਰਨ ਲਗ ਪਿਆ ।

ਉਹ ਕਮਰੇ ਦੇ ਅਗੇ ਵਿੱਛੇ ਹੋਏ ਨਿੱਕੇ ਜਿਹੇ ਵਿਹੜੇ ਵਲ ਆ ਗਿਆ । ਅੰਦਰ ਰੌਲਾ ਪੈ ਗਿਆ ਸੀ । ਆਪਣੇ-ਪਰਾਏ, ਗੁਆਂਢੀ, ਓਪਰੇ, ਪਛਾਣੂ ਦੁਹਾਈ ਦੇਣ ਲਗ ਪਏ ਸਨ । ਨਸਣ-ਭਜਣ ਲਗ ਪਏ ਸਨ । ਇਕ ਡਰਾਮਾ ਸ਼ੁਰੂ ਹੋ ਗਿਆ ਸੀ ।

ਇਹ ਡਰਾਮਾ ਤਾਂ ਉਹ ਕਦੋਂ ਦਾ ਵੇਖਦਾ ਆ ਰਿਹਾ ਹੈ, ਉਸ ਨੂੰ ਤਾਂ ਠੀਕ ਤਰ੍ਹਾਂ ਯਾਦ ਵੀ ਨਹੀਂ ਸੀ । ਪਰ ਇਹ ਇਕ ਐਸਾ ਡਰਾਮਾ ਸੀ ਜਿਸ ਦਾ ਨਾ ਕੋਈ ਆਦਿ ਸੀ ਨਾ ਅੰਤ, ਨਾ ਕੋਈ ਸੀਮਾ, ਨਾ ਕਲਾਈ ਮੈਕਸ ਨਾ ਮੋੜ, ਕੁਝ ਵੀ ਤਾਂ ਨਹੀਂ ਸੀ । ਪਰ ਇਹ ਡਰਾਮਾ ਰੋਜ਼ ਖੇਡਿਆ ਜਾਂਦਾ ਸੀ ।

ਉਸ ਮਹਿਸੂਸਿਆ ਕਿ ਡਰਾਮੇ ਵਿਚ ਤਾਂ ਭੁਖੇ ਢਿਡ ਤੇ ਆਂਦਰਾਂ ਦੇ ਸੁਲਗਣ ਦੇ ਰੌਲੇ ਦੇ ਪਾਰਟ ਲਈ ਪਾਤਰ ਰੋਜ਼ ਹੀ ਵਧਦੇ ਜਾਂਦੇ ਹਨ । ਸਾਰਿਆਂ ਨੂੰ ਯਾਦ ਕਰਨ ਲਈ

ਸਿਰਫ਼ ਇਕੋ ਹੀ ਸਬਕ ਮਿਲਿਆ ਹੋਇਆ ਹੈ। ਸਾਰੇ ਹੀ ਕੁਰਲਾਂਦੇ-ਕੁਰਲਾਂਦੇ, ਦੁਹਾਈਆਂ ਪਾਂਦੇ, ਉੱਚੀ ਉੱਚੀ ਆਪੋ ਆਪਣਾ ਸਬਕ ਯਾਦ ਕਰ ਰਹੇ ਹਨ। ਹਰ ਨਵੀਂ ਸਵੇਰ, ਨਵੇਂ ਸੂਰਜ ਦੇ ਆਗਮਨ ਨਾਲ ਹੀ ਉਹ ਸਬਕ ਯਾਦ ਕਰਨਾ ਸ਼ੁਰੂ ਕਰ ਦਿੰਦੇ ਹਨ ਤਾਂ ਵੀ ਇਕ ਅੱਖਰ ਵੀ ਉਨ੍ਹਾਂ ਨੂੰ ਯਾਦ ਨਹੀਂ ਹੁੰਦਾ। ਕਿੰਨੇ ਚਿਰਾਂ ਤੋਂ ਇਸ ਨਾਟਕ ਦਾ ਅਭਿਆਸ ਹੋ ਰਿਹਾ ਸੀ ?

ਕਦੇ ਕਦੇ ਉਹ ਸੋਚਦਾ ਸੀ, ਰਾਤ ਪੈਂਦੀ ਹੈ ਖ਼ਤਮ ਹੋ ਜਾਂਦੀ ਹੈ. ਦਿਨ ਵੀ ਅੰਤ ਵੇਲੇ ਡੁਬ ਜਾਂਦਾ ਹੈ, ਪਹਾੜ ਦੀ ਚੜ੍ਹਾਈ ਵੀ ਖ਼ਤਮ ਹੋ ਜਾਂਦੀ ਹੈ, ਦਰਿਆਵਾਂ ਦਾ ਵੀ ਅੰਤ ਹੋ ਜਾਂਦਾ ਹੈ ਖਤਮ ਹੋ ਜਾਂਦੇ ਹਨ। ਇਥੋਂ ਤੀਕ ਕਿ ਆਦਮੀ ਵੀ ਮਰ ਜਾਂਦਾ ਹੈ, ਉਸ ਦਾ ਖ਼ਾਤਮਾ ਹੋ ਜਾਂਦਾ ਹੈ ਪਰ ਇਸ ਡਰਾਮੇ ਤੇ ਇਸ ਭੁੱਖੇ ਢਿਡਾਂ ਦੇ ਪਾਤਰਾਂ ਦੇ ਅਭਿਆਸ ਦਾ ਕੋਈ ਅੰਤ ਨਹੀਂ।

ਪਾਤਰ ਦਿਨੋ ਦਿਨ ਵੱਧ ਰਹੇ ਹਨ, ਪਾਰਟ ਲੰਮੇ ਹੋ ਰਹੇ ਹਨ ਅਭਿਆਸ ਪਲ-ਪਲ ਕਠਨ ਹੁੰਦੇ ਜਾ ਰਹੇ ਹਨ ਪਰ ਇਸ ਡਰਾਮੇ ਦਾ ਕੋਈ ਵੀ ਕਿਧਰੇ ਅੰਤ ਹੁੰਦਾ ਨਹੀਂ ਦਿਸਦਾ।

ਇਕ ਕਮਰੇ ਵਿਚ ਧੂਆਂ ਹੀ ਧੂਆਂ ਖਿਲਰਿਆ ਸੀ। ਇਕ ਬੁਢੀ ਜ਼ਨਾਨੀ ਗਿਲੀਆਂ ਲਕੜਾਂ ਨੂੰ ਫੂਕਾਂ ਮਾਰ-ਮਾਰ ਅੱਗ ਬਾਲਣ ਦਾ ਜਤਨ ਕਰ ਰਹੀ ਸੀ। ਨਗਰ-ਮੰਥਨ ਦੇ ਇਤਨੇ ਵਡੇ ਪਰੀਵਰਤਨ ਦੇ ਬਾਦ ਵੀ ਕਈਆਂ ਘਰਾਂ ਵਿਚ ਹਾਲੀਂ ਗਿਲਾ ਬਾਲਣ ਹੀ ਬਲਦਾ ਸੀ ਤੇ ਜੇ ਗਿਲੇ ਬਾਲਣ ਨਾਲ ਅੱਗ ਨਾ ਬਲੇ ਤਾਂ ਅਗ ਬਾਲਣ ਵਾਲਾ ਆਪ ਹੀ ਸੁਲਗ ਸੁਲਗ ਕੇ ਬਲ ਜਾਂਦਾ ਸੀ।

"ਤਿਆਰੀ ਏ ਨਾ ?" ਉਸ ਦੇ ਗੁਆਂਢੀ ਨੇ ਪੁਛਿਆ। ਅਜ ਉਸ ਨਾਲ ਇਕ ਕੁੜੀ ਵੀ ਆਈ ਸੀ।

"ਕਿਹੀ ਤਿਆਰੀ—? ਕਿਧਰੋਂ ਦੀ ਤਿਆਰੀ ? ਜਿਹੜੀ ਤਿਆਰੀ ਸਵੇਰੇ ਸ਼ੁਰੂ ਹੋਏ ਤੇ ਸ਼ਾਮ ਤੀਕ ਮੁੱਕ ਜਾਏ ਉਸ ਨੂੰ ਤਿਆਰੀ ਨਹੀਂ ਫਾਂਸੀ ਆਖਦੇ ਹਨ, ਗਲੇ 'ਚ ਪਈ ਫਾਂਸੀ।"

ਉਸ ਦਾ ਗੁਆਂਢੀ ਜ਼ਰਾ ਕੁ ਹਸਿਆ "ਆਦਮੀ ਗਲੇ 'ਚ ਫਾਹੀ ਤਾਂ ਪਾ ਲੈਂਦਾ ਹੈ ਪਰ ਅਖੀਰ ਦਮ ਤੀਕ ਇਸ ਫਾਹੀ ਨਾਲ ਮਰਿਆ ਨਹੀਂ।"

"ਤੂੰ ਕਿਥੇ ਜਾ ਰਿਹਾ ਏਂ ?"

"ਇਸ ਕੁੜੀ ਨੂੰ ਨਾਲ ਲੈ ਕੇ ਜਾ ਰਿਹਾ ਹਾਂ।"

"ਕੌਣ ਏ ਇਹ ਕੁੜੀ ? ਇਸ ਨੂੰ ਕਿਥੇ ਲੈ ਕੇ ਜਾ ਰਿਹਾ ਏਂ ?"

"ਇਸ ਨੇ ਵੀ ਕਲ ਵਾਲੀ ਤਸਵੀਰ ਵੇਖਣੀ ਏ।"

"ਪਰ ਤੂੰ ਸਵੇਰ ਸਾਰ ਹੀ ਤਸਵੀਰ ਵੇਖਣ ਟੁਰ ਪਿਆ ਏਂ।"

"ਉਸ ਤਸਵੀਰ ਨੂੰ ਵੇਖਣ ਲਈ ਪੂਰੀ ਦਿਹਾੜੀ ਲਗ ਜਾਣੀ ਏ – ਦੋ ਕੋਹ ਤਾਂ ਲੰਮੀ ਤਸਵੀਰ ਏ।"

ਉਸ ਨੂੰ ਹਾਸਾ ਆ ਗਿਆ, ਉਸ ਦੇ ਗੁਆਂਢੀ ਨੂੰ ਨਵੀਆਂ ਤਸਵੀਰਾਂ ਵੇਖਣ ਦਾ ਕਿੰਨਾ ਚਾਅ ਏ ? ਨਵੇਂ ਪਰੀਵਰਤਨ ਦੇ ਬਾਅਦ ਦੀਆਂ ਤਸਵੀਰਾਂ ਵੇਖਣ ਦਾ। ਉਹ

ਸੋਚ ਹੀ ਨਹੀਂ ਸਕਦਾ ਕਿ ਇਹ ਸਭ ਤਸਵੀਰਾਂ ਸਾਡੀਆਂ ਹੀ ਨੇ, ਸਾਨੂੰ ਹੀ ਵੇਖ ਕੇ ਬਣਾਈਆਂ ਗਈਆਂ ਨੇ। ਅਸੀਂ ਜਦੋਂ ਉਨ੍ਹਾਂ ਸਾਹਮਣੇ ਖਲੋਅ ਕੇ, ਤਸਵੀਰਾਂ ਵੇਖ ਕੇ ਹਸਦੇ ਹਾਂ ਤਾਂ ਤਸਵੀਰਾਂ ਵੀ ਸਾਨੂੰ ਵੇਖ-ਵੇਖ ਹਸਦੀਆਂ ਹਨ।

"ਤੂੰ ਸਾਡੇ ਨਾਲ ਨਹੀਂ ਚਲਣਾ ?" ਗੁਆਂਢੀ ਪੁਛਿਆ "ਮੈਂ ਸ਼ਾਮ ਨੂੰ ਉਥੇ ਪਹੁੰਚ ਜਾਵਾਂਗਾ। ਤੇਰਾ ਕੰਮ ਤੇਰੇ ਆਪਣੇ ਹੱਥ ਏ ਪਰ ਮੇਰੇ ਢਿਡ ਦਾ ਮਸਲਾ ਨੌਕਰੀ ਏ, ਦੂਏ ਦੇ ਹਥ। ਮੈਂ ਅੱਜ ਖਾਲੀ ਨਹੀਂ, ਮੈਂ ਪੂਰੇ ਦਿਨ ਨੌਕਰੀ ਦੇ ਕੰਮ ਦਾ ਭੁਗਤਾਨ ਕਰ ਕੇ ਸ਼ਾਮ ਨੂੰ ਆਵਾਂਗਾ।"

ਗੁਆਂਢੀ ਤੇ ਉਹ ਕੁੜੀ ਟੁਰ ਗਏ। ਥੋੜੀ ਦੇਰ ਬਾਅਦ ਉਹ ਵੀ ਬਾਹਰ ਨਿਕਲ ਗਿਆ :

ਰੋਜ਼ ਉਹ ਇਕ ਨਵੇਕਲੀ ਥਾਂ ਤੋਂ ਲੰਘਦਾ ਸੀ ਜਿਸ ਦੇ ਵਿਚਕਾਰ ਇਕ ਬਹੁਤ ਵਡਾ ਸੰਘਣੀ-ਘਣੀ ਛਾਂ ਵਾਲਾ ਰੁੱਖ ਸੀ, ਧੁੱਪੇ ਝੁਲਸ' ਗਰਮੀ ਮਾਰੇ, ਥਕੇ ਟੁੱਟੇ ਯਾਤਰੂ ਉਸ ਦੀ ਘਣੀ ਛਾਂ ਵਿਚ ਆਰਾਮ ਕਰਦੇ ਸਨ। ਨਾਲੇ ਰੁੱਖ ਦੇ ਵਡੇ ਵਡੇ ਪਤਰਾਂ ਚੋਂ ਨਿਕਲੀ ਖੁਸ਼ਬੂਦਾਰ ਹਵਾ ਆਪਣੇ ਫੇਫੜਿਆਂ ਵਿਚ ਸਾਹ ਰਾਹੀਂ ਭਰਦੇ ਸਨ। ਪਰ ਅੱਜ...ਅਜ ਉਹ ਥਾਂ ਨੰਗੀ ਸੀ। ਉਹ ਨਵੇਕਲੀ ਥਾਂ ਵਿਧਵਾ ਜਿਹੀ ਖਾਲ-ਮ-ਖਾਲੀ ਲਗ ਰਹੀ ਸੀ। ਵੇਖਦੇਂ ਸਾਰ ਉਸ ਮਹਿਸੂਸਿਆ ਜਿਵੇਂ ਸ਼ਹਿਰ ਦਾ ਕੋਈ ਵਡਾ ਬਜ਼ੁਰਗ ਜਿਸ ਦੀ ਸੰਘਣੀ ਛੱਤਰ ਛਾਇਆ ਆਪਣੇ ਤੇ ਪਰਾਇਆਂ ਨੂੰ ਮਿਲ ਸਕਦੀ ਸੀ। ਉਹ ਕਟਿਆ ਗਿਆ ਏ।

ਉਹ ਰਹਿ ਨਾ ਸਕਿਆ, ਇਕ ਆਦਮੀ ਜਿਹੜਾ ਜ਼ਮੀਨ ਉੱਤੇ ਕਟੇ ਹੋਏ, ਛਾਂ ਦਾਰ ਰੁੱਖ ਦੀਆਂ ਟਾਹਣੀਆਂ ਤੋੜ ਰਿਹਾ ਸੀ ਨੂੰ ਉਸ ਪੁਛਿਆ "ਇਸ ਪੁਰਾਣੇ, ਬੁਢੇ ਬਜ਼ੁਰਗ ਰੁੱਖ ਨੂੰ ਕਿਉਂ ਕਟਿਆ ਏ ?"

"ਸ਼ਹਿਰ ਦੀ ਤਰਕੀ ਤੇ ਵਾਧੇ ਲਈ—ਇਹ ਰੁੱਖ ਰੁਕਾਵਟ ਸੀ" ਰੁੱਖ ਦੀਆਂ ਛਿਲੜਾਂ ਉਤਾਰਦੇ ਉਸਕਿਹਾ।

"ਬ੍ਰਿਛ ਬੂਟੇ ਕਟਣੇ-ਵਢਣੇ, ਛਾਂ ਮੁੱਕਾ ਦੇਣੀਂ ਵੀ ਸ਼ਹਿਰ ਦੀ ਤ੍ਰਕੀ ਲਈ ਵੀ ਕੋਈ ਨਿਯਮ ਏ ?" ਉਸ ਪੁਛਿਆ।

"ਹੌਲੀ ਗਲ ਕਰ ! ਹੋਰ ਕੁਝ ਪੁਛਣਾ ਚਾਹੁੰਦਾ ਏਂ ਤਾਂ ਓਹ ਆਦਮੀ ਜਿਸ ਨੇ ਕਾਲੇ ਸ਼ੀਸ਼ਿਆਂ ਵਾਲੀ ਐਨਕ ਪਾਈ ਹੋਈ ਹੈ, ਉਸੀ ਕੋਲੋਂ ਜਾ ਕੇ ਪੁੱਛ ਲੈ, ਦੰਗੀ ਤਰ੍ਹਾਂ ਪੜਤਾਲ ਕਰ ਲੈ।"

"ਉਹ ਆਦਮੀ ਕੌਣ ਏ ?"

"ਹੁਣ ਉਹ ਇਸ ਸ਼ਹਿਰ ਦਾ ਮਾਲਕ ਏ।"

"ਇਥੇ ਹੁਣ ਕੁਝ ਹੋਰ ਬਣੇਗਾ ?" ਉਸ ਪੁਛਿਆ।

"ਹਾਂ ! ਇਥੇ ਦਿਲ ਦਾ ਹਸਪਤਾਲ ਬਣੇਗਾ"

"ਦਿਲ ਦਾ ਹਸਪਤਾਲ ?" ਉਸ ਨੇ ਅਚੰਭਤ ਹੋ ਕੇ ਕਿਹਾ "ਤੂੰ ਮੇਰੇ ਨਾਲ ਮਜ਼ਾਕ ਕਰ ਰਿਹਾ ਏਂ। ਦਿਲ ਦਾ ਹਸਪਤਾਲ ਕਿੰਝ ਬਣੇਗਾ ? ਦਿਲ ਤਾਂ ਉਹ ਅੰਗ ਹੁੰਦਾ ਏ ਜਿਹੜਾ ਧੜਕਦਾ ਏ ਤੇ ਆਦਮੀ ਦਾ ਲਹੂ ਸਾਫ ਕਰਦਾ ਏ।"

"ਉਸੇ ਦਿਲ ਦਾ ਹਸਪਤਾਲ, ਇਹ ਵੀ ਸ਼ਹਿਰ ਦੀ ਤਰਕੀ ਵਿਚ ਇਕ ਵਾਧਾ ਏ। ਵੇਖਿਆ ਗਿਆ ਏ ਕਿ ਇਸ ਸ਼ਹਿਰ ਦੇ ਲੋਕਾਂ ਦੇ ਦਿਲ ਠੀਕ ਨਹੀਂ, ਉਨ੍ਹਾਂ ਦੇ ਦਿਲ ਠੀਕ ਕਰਨ ਦਾ ਕੇਂਦਰ ਬਣਨਾ ਹੈ।"

'ਦਿਲ ਠੀਕ ਨਹੀਂ...?" ਇਕ ਬੁਝਾਰਤ ਜਿਹੀ ਲਗੀ, ਉਸ ਨੂੰ ਤਾਂ ਪਤਾ ਹੀ ਨਹੀਂ ਕਿ ਇਸ ਸ਼ਹਿਰ ਦੇ ਲੋਕਾਂ ਦੇ ਦਿਲ ਵੀ ਠੀਕ ਨਹੀਂ।

"ਹਾਂ! ਸਚੀਂ!! ਲੋਕਾਂ ਦੇ ਦਿਲ ਠੀਕ ਨਹੀਂ, ਦਿਲਾਂ ਦੇ ਰੋਗ ਵਧ ਰਹੇ ਹਨ" ਇਹ ਤ੍ਰਿਖੀ ਜਿਹੀ ਅਵਾਜ਼ ਉਸ ਆਦਮੀ ਦੀ ਸੀ ਜਿਸ ਨੇ ਅੱਖਾਂ ਉਤੇ ਕਾਲਾ ਚਸ਼ਮਾ ਚੜਾਇਆ ਹੋਇਆ ਸੀ।

"ਹੂੰ ਮੈਂ ਸਮਝ ਗਿਆ ਹਾਂ ਜੀ" ਉਸ ਨੇ ਬੜੀ ਹਲੀਮੀ ਨਾਲ ਕਿਹਾ ਪਹਿਲਾਂ ਤਾਂ ਦਿਲਾਂ ਦੇ ਰੋਗ ਜੁਆਨੀ ਵਿਚ ਲਗਦੇ ਸਨ ਤੇ ਹੁਣ ਤਾਂ ਬੱਚੇ ਵੀ ਜਿਵੇਂ ਆਪਣੇ-ਆਪਣੇ ਦਿਲ ਹੱਥਾਂ ਵਿਚ ਫੜ ਕੇ ਬੈਠੇ ਹੋਣ।"

ਕਾਲੀ ਐਨਕ ਵਾਲਾ ਉਸ ਦੇ ਮੂਰਖ ਪੁਣੇ ਤੇ ਹਸਿਆ, "ਇਹ ਹਸਪਤਾਲ ਦਿਲ ਦੇ ਉਸ ਰੋਗ ਦੇ ਇਲਾਜ ਲਈ ਨਹੀਂ ਬਣ ਰਿਹਾ। ਦਿਲ ਤਾਂ ਮਨੁਖ ਦੇ ਸਰੀਰ ਦਾ ਇਕ ਅੰਗ ਹੈ ਜਿਹੜਾ ਲਹੂ ਨੂੰ ਸਾਫ਼ ਕਰਦਾ ਹੈ ਤੇ ਉਸ ਵਿਚ ਕਿੰਨੀਆਂ ਹੀ ਵਖਰੀ-ਵਖਰੀ ਕਿਸਮਾਂ ਦੀਆਂ ਬੀਮਾਰੀਆਂ ਪੈਦਾ ਹੋ ਰਹੀਆਂ ਹਨ, ਬੀਮਾਰੀਆਂ ਦੇ ਇਲਾਜ ਲਈ ਹਸਪਤਾਲ ਬਣ ਰਿਹਾ ਹੈ।"

"ਇਥੇ ਬੁਢਾ ਰੁੱਖ ਵੀ ਦਿਲਾਂ ਨੂੰ ਬੜਾ ਆਰਾਮ ਦੇਂਦਾ ਸੀ, ਉਸ ਤੋਂ ਬੀ ਜ਼ਿਆਦਾ ਇਸ ਹਸਪਤਾਲ ਵਿਚ ਆਰਾਮ ਮਿਲੇਗਾ?"

"ਉਹ ਬੁਢਾ ਰੁੱਖ ਤਾਂ ਦੋ ਕੌਡੀਆਂ ਦਾ ਵੀ ਨਹੀਂ ਸੀ ਰਿਹਾ, ਇਸ ਹਸਪਤਾਲ ਲਈ ਤਾਂ ਲੱਖਾਂ ਰੁਪਏ ਲਗਦੇ ਹਨ" ਕਾਲੀ ਐਨਕ ਵਾਲੇ ਨੇ ਕਿਹਾ।"

"ਸਾਹਬ ਜੀ, ਖ਼ਿਆਲ ਵਿਚ ਤਾਂ ਉਹ ਬੁਢਾ ਰੁੱਖ ਆਣ-ਜਾਣ ਤੇ ਨਗਰ-ਵਾਸੀਆਂ ਨੂੰ ਜੋ ਕੁਝ ਦੇਂਦਾ ਸੀ, ਉਹ ਕੁਝ ਇਤਨਾ ਆਰਾਮ ਇਥੇ ਬਣਿਆ ਹਸਪਤਾਲ ਦੇਏਗਾ, ਮੈਨੂੰ ਵਿਸ਼ਵਾਸ ਨਹੀਂ।"

"ਤੈਨੂੰ ਵਿਸ਼ਵਾਸ ਦਿਵਾ ਕੇ ਮੈਂ ਕਰਨਾ ਵੀ ਕੀ ਏ? ਮੈਂ ਤਾਂ ਇਥੇ ਦੋ ਮੰਜ਼ਲੀ ਇਮਾਰਤ ਬਨਾਉਣ ਦਾ ਜ਼ਿੰਮੇਵਾਰ ਹਾਂ। ਉਹ ਮੈਂ ਜਲਦੀ ਹੀ ਖ਼ਤਮ ਕਰ ਕੇ ਵਿਹਲਾ ਹੋ ਜਾਵਾਂਗਾ।"

——

ਉਹ ਆਪਣੇ ਦਫਤਰ ਪਹੁੰਚ ਗਿਆ ਸੀ। ਪਰ ਦਿਮਾਗ ਵਿਚ ਬੁਢੇ ਰੁੱਖ ਦੀਆਂ ਕਟੀਆਂ ਟਾਹਣੀਆਂ, ਛਿਲੀਂਦੀਆਂ ਟਾਹਣੀਆਂ ਫਿਰ ਰਹੀਆਂ ਸਨ। ਲੋਹੇ ਦੇ ਗੇਟ ਕੋਲ ਪਹੁੰਚਾ ਤਾਂ ਉਸ ਦੇ ਹੱਥਾਂ ਪੈਰਾਂ 'ਚ ਪਸੀਨਾ ਆ ਗਿਆ, ਦੇਰ ਬਹੁਤ ਹੋ ਗਈ ਸੀ। ਉਹ ਡਰਦਾ-ਡਰਦਾ ਅੰਦਰ ਗਿਆ ਤਾਂ ਇੰਨਚਾਰਜ ਉਸੇ ਦੀ ਮਸ਼ੀਨ ਕੋਲ ਖਲੋਤਾ ਸੀ। ਉਸ ਨੂੰ ਵੇਖ ਉਹ ਅੱਜ ਪਹਿਲੀ ਵਾਰੀ ਹਸਿਆ ਵੀ ਤੇ ਝੱਕ ਵੀ ਗਿਆ। ਜਿਸ ਮਸ਼ੀਨ ਉੱਤੇ ਉਹ ਕੰਮ ਕਰਦਾ ਸੀ ਉਹ ਆਪਣੀ ਥਾਂ ਤੋਂ ਪੁੱਟੀ ਜਾ ਰਹੀ ਸੀ। ਇਸ ਤੋਂ ਪਹਿਲਾਂ ਜੋ ਉਹ ਕੋਈ ਗਲ ਕਰੇ—ਕੁਝ ਪੁੱਛੇ, ਇੰਚਾਰਜ ਨੇ ਹੀ ਗੱਲ ਸ਼ੁਰੂ

ਕੀਤੀ ' ਭਾਰਤ ! ਇਹ ਮਸ਼ੀਨ ਤਾਂ ਪੁਟੀ ਜਾ ਰਹੀ ਏ। ਇਸ ਦੀ ਥਾਂ ਦੂਜੀ ਮਸ਼ੀਨ ਲਗਣੀ ਏ। ਤੇ ਦੂਜੀ ਮਸ਼ੀਨ ਨੂੰ ਆਦਮੀ ਦੇ ਚਲਾਣ ਦੀ ਲੋੜ ਨਹੀਂ।"

"ਕੀ ਕਿਹਾ ਏ ਤੁਸੀਂ...? ਆਦਮੀ ਦੀ ਲੋੜ ਨਹੀਂ ?" ਉਸ ਦਾ ਵਾਤ ਖੁਲਾ ਹੀ ਰਹਿ ਗਿਆ।

"ਉਹ ਮਸ਼ੀਨ ਆਪ ਹੀ ਸਭ ਕੁਝ ਕਰ ਲੈਂਦੀ ਏ" ਇੰਚਾਰਜ ਨੇ ਆਖਿਆ।

"ਆਪ ਹੀ ਕਰ ਲੈਂਦੀ ਏ ? ਉਹ ਮਸ਼ੀਨ ਆਪਣੇ ਢਿਡ ਵਿਚ ਸੁਟ ਲੈਂਦੀ ਏ ?" ਉਸ ਨੇ ਪੁਛਿਆ।

"ਮਸ਼ੀਨ ਨੂੰ ਪੰਦਰਾਂ-ਵੀਹ ਬਾਂਹਵਾਂ ਲਗੀਆਂ ਹਨ। ਬੀਂ ਵੀ ਆਪੇ ਵੀ ਸੁਟਦੀ ਏ। ਤੇਲ ਘਟ-ਵਧ ਨਿਕਲਣ ਤੇ ਸੀਟੀ ਵੀ ਮਾਰਦੀ ਏ। ਬੋਤਲ ਭਰ ਜਾਏ ਤਾਂ ਇਕ ਸ਼ੀਸ਼ੀ ਚੁੱਕ ਕੇ ਦੂਜੀ ਰਖ ਲੈਂਦੀ ਏ। ਸ਼ੀਸ਼ੀਆਂ ਦੇ ਢਕਣ ਵੀ ਬੰਦ ਕਰਦੀ ਏ। ਸ਼ੀਸ਼ੀਆਂ ਨੂੰ ਇਕ ਬਕਸੇ ਵਿਚ ਜੋੜ ਵੀ ਦੇਂਦੀ ਏ।" ਇੰਚਾਰਜ ਇਕੋ ਸਾਹ 'ਚ ਹੀ ਆਖੀ ਗਿਆ।

"ਸਾਡੇ ਕਾਰਖਾਨੇ ਦੀ ਤਰੱਕੀ ਤੇ ਉਨਤੀ ਦੇ ਪ੍ਰੋਗਰਾਮ ਲਈ ਇਹ ਮਸ਼ੀਨ ਵੀ ਆਣੀ ਹੀ ਸੀ। ਹੋਰ ਵੀ ਬਹੁਤ ਮਸ਼ੀਨਾਂ ਆਈਆਂ ਨੇ"।

"ਤਾਂ ਸਾਹਬ ! ਇੰਨਾਂ ਮਸ਼ੀਨਾਂ ਲਈ ਆਦਮੀ ਦੀ ਲੋੜ ਨਹੀਂ ਰਹੀ ਨਾ—?"

"ਜਿਸ ਵੇਲੇ ਮਸ਼ੀਨ ਆਦਮੀ ਤੋਂ ਵੱਧ ਕੰਮ ਕਰਨ ਲਗ ਪਏ ਤਾਂ ਆਦਮੀ ਦੀ ਕੀ ਲੋੜ ਏ" ਫਿਰ ਦੋ ਕਦਮ ਅਗੇ ਵਧ ਕੇ ਇੰਚਾਰਜ ਨੇ ਬਟਣ ਦਬਾਇਆ ਤਾਂ ਮਸ਼ੀਨ ਇਵੇਂ ਚਲਣ ਲਗੀ ਜਿਵੇਂ ਕੋਈ ਰਾਖਸ਼ ਹੋਏ। ਸਚੀ ਮੁਚੀ, ਪੰਦਰਾਂ ਵੀਹ ਬਾਂਹਵਾਂ ਇਧਰ-ਉਧਰ, ਉਤੇ-ਥਲੇ, ਇਕ ਪਾਸੇ-ਦੂਜੇ ਪਾਸੇ ਇਕ ਦਮ ਚਲਣ ਲਗ ਪਈਆਂ। ਉਸ ਨੂੰ ਕਿਸੇ ਚੌਂਕ ਵਿਚ ਲਗੀ ਹੋਈ ਵਡੀ ਸਾਰੀ ਤਸਵੀਰ ਦੀ ਯਾਦ ਆਈ ਜਿਸ ਵਿਚ ਇਕ ਰਾਖ਼ਸ਼ ਜਿਹਾ ਆਦਮੀ ਆਪਣੀਆਂ ਬਾਂਹਵਾਂ ਵਿਚ ਇਕੋ ਵਾਰੀ ਕਈਆਂ ਆਦਮੀਆਂ ਨੂੰ ਨਪੀੜਦਾ ਪਿਆ ਸੀ ਤੇ ਪੋਸਟਰ ਦੀ ਤਸਵੀਰ ਦੇ ਵਡੇ ਤੇ ਮੋਟੇ ਅੱਖਰਾਂ ਵਿਚ ਲਿਖਿਆ ਸੀ "ਬਦਚਲਿਨੀ ਤੇ ਬੇਈਮਾਨੀ ਦਾ ਖਾਤਮਾ ਕਰਨਾ ਵੀ ਸਾਡੇ ਸ਼ਹਿਰ ਦੀ ਤਰਕੀ ਤੇ ਵਾਧੇ ਲਈ ਜ਼ਰੂਰੀ ਏ।"

ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਸ਼ਹਿਰ ਦੀ ਤਰਕੀ ਤੇ ਵਾਧਾ ਸੋਚਣ ਵਾਲੇ ਉਸ ਰਾਖ਼ਸ਼ ਜਿਹੇ ਬੰਦੇ ਨੂੰ ਮੁਕਾਣਾ ਚਾਹੁੰਦੇ ਨੇ ਜਾਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਉਸ ਰਾਖਸ਼ੀ ਚਿਹਰੇ ਵਾਲੇ ਦਿਉ ਨੇ ਦਬਿਆ ਹੈ ਤੇ ਉਨ੍ਹਾਂ ਨੂੰ ਨਪੀੜ ਰਿਹਾ ਹੈ।

ਉਹ ਬਾਹਰ ਆ ਗਿਆ। ਵਡੇ ਦਰਵਾਜ਼ੇ ਕੋਲ ਪਹੁੰਚਾ ਤਾਂ ਇਕ ਲੋਹੇ ਦੇ ਆਦਮੀ ਨੇ ਉਸ ਨੂੰ ਰੋਕ ਲਿਆ "ਤੂੰ ਬਾਹਰ ਨਹੀਂ ਜਾ ਸਕਦਾ।"

"ਭਾਈ ! ਅਸੂਲ ਤਾਂ ਅੰਦਰ ਜਾਣ ਵਾਲੇ ਨੂੰ ਰੋਕਣ ਦਾ ਏ, ਤੂੰ ਬਾਹਰ ਜਾਣ ਵਾਲੇ ਨੂੰ ਰੋਕ ਰਿਹਾ ਏਂ" ਉਸ ਨੇ ਕਿਹਾ।

"ਅੰਦਰ ਆਉਣ ਵਾਲੀ ਚੀਜ਼ ਜਾਂ ਆਦਮੀ ਨੂੰ ਰੋਕਣ ਲਈ ਕੋਈ ਅਸੂਲ ਨਹੀਂ। ਇਸ ਕਾਰਖ਼ਾਨੇ ਦੇ ਨਵੇਂ ਨਿਯਮਾਂ ਅਨੁਸਾਰ ਬਾਹਰ ਜਾਣ ਵਾਲਿਆਂ ਨੂੰ ਰੋਕੋ ਤੇ ਉਸ ਦੀ ਤਲਾਸ਼ੀ ਲਉ।"

''ਲੈ ਲੈ ਤਲਾਸ਼ੀ !'' ਉਸ ਨੇ ਕਿਹਾ ।

ਲੋਹੇ ਦਾ ਆਦਮੀ ਥੋੜ੍ਹਾ ਅਗੇ ਵਧਿਆ ਤੇ ਫਿਰ ਝਕ ਗਿਆ ਤੇ ਕਹਿਣ ਲਗਾ ਮੈਂ ਚੰਗਾ ਭਲਾ ਆਦਮੀ ਸਾਂ । ਇੰਚਾਰਜ ਨੇ ਮੈਨੂੰ ਲੋਹੇ ਵਿਚ ਜਕੜ ਦਿਤਾ ਏ । ਨਾ ਮੈਂ ਲਿਫ਼ ਸਕਦਾ ਹਾਂ, ਨਾ ਕਿਸੇ ਨੂੰ ਪਛਾਣ ਸਕਦਾ ਹਾਂ । ਤੂੰ ਤੇ ਪੁਰਾਣਾ ਆਦਮੀਂ ਏ । ਤੇਰੀ ਤਲਾਸ਼ੀ ਲੈ ਵੀ ਲਵਾਂ ਤਾਂ ਸਿਵਾਏ ਆਂਦਰਾਂ ਦੇ ਹੋਰ ਮੈਨੂੰ ਕੀ ਮਿਲਣਾ ਏ ? ਤੂੰ ਨਿਕਲ ਜਾ ।''

ਬੜੇ ਦਿਨਾਂ ਬਾਅਦ, ਅੱਜ ਉਸ ਨੂੰ ਲਗਿਆ ਸੜਕ ਉੱਤੇ ਉਹ ਠੀਕ ਤਰ੍ਹਾਂ ਨਹੀਂ ਟੁਰ ਰਿਹਾ । ਉਹ ਅਗੇ ਕਦਮ ਪੁਟਦਾ ਏ, ਸੜਕ ਉਸ ਨੂੰ ਪਿੱਛੇ ਵਲ ਧਕੇਲਦੀ ਹੈ । ਉਹ ਟੁਰਦਾ ਤਾਂ ਜਾਂਦਾ ਹੈ ਪਰ ਉਸ ਨੂੰ ਲਗਦਾ ਹੈ ਜਿਵੇਂ ਇਕੋ ਥਾਂ ਖਲੋਤਾ ਹੋਇਆ ਉਹ ਸਿਰਫ਼ ਪੈਰ ਹੀ ਮਾਰੀ ਜਾ ਰਿਹਾ ਹੈ ।

ਬਹੁਤ ਦੇਰ ਉਹ ਉਂਝ ਹੀ ਪੈਰ ਮਾਰਦਾ ਰਿਹਾ । ਸਿਰ ਚੁੱਕ ਕੇ ਸਾਹਮਣੇ ਵੇਖਿਆ, ਵਡੀ ਸਾਰੀ ਕੰਧ ਉੱਤੇ ਬੜਾ ਵਡਾ ਜਹਾਜ਼ ਜਿੰਨਾਂ ਇਸ਼ਤਿਹਾਰ ਲਗਿਆ ਸੀ ਤੇ ਗਜ਼-ਗਜ਼ ਲੰਮੇ ਅੱਖਰਾਂ ਵਿਚ ਲਿਖਿਆ ਸੀ 'ਤਰਕੀ, ਵਾਧਾ, ਉਨਤੀ ਇਹ ਕੰਮ ਸਿਰਫ਼ ਇਕ ਅੱਧ ਆਦਮੀ ਦਾ ਕੰਮ ਨਹੀਂ । ਸਭ ਦਾ ਸਾਂਝਾ ਹੈ, ਸਾਰੇ ਜ਼ੋਰ ਲਗਾਉ, ਸ਼ਹਿਰ ਨੂੰ ਹੋਰ ਲਿਸ਼ਕਾਉ, ਚੰਗੀ ਤਰ੍ਹਾਂ ਸ਼ਿੰਗਾਰੋ' ਤੇ ਉਨ੍ਹਾਂ ਅੱਖਰਾਂ ਦੇ ਸਿਰਾਂ ਕੋਲ ਇਕ ਬੜੀ ਸੋਹਣੀ ਜ਼ਨਾਨੀ ਦੀ ਦਿਲ-ਖਿਚਵੀਂ ਤਸਵੀਰ ਲਗੀ ਹੋਈ ਸੀ । ਜ਼ਨਾਨੀ ਇੰਨੀ ਸੁੰਦਰ ਤੇ ਦਿਲਕਸ਼ ਸੀ ਕਿ ਵੇਖਣ ਵਾਲਾ ਆਪਣੀ ਸੁਧ-ਬੁਧ ਭੁਲ ਜਾਏ । ਉਸ ਜ਼ਨਾਨੀ ਨੂੰ ਸੋਨੇ ਦੇ ਪਰ ਲਗੇ ਹੋਏ ਸਨ ਤੇ ਉਹ ਉਡਣ ਦੀ ਜਿਵੇਂ ਤਿਆਰੀ ਕਰ ਰਹੀ ਦਿਸਦੀ ਸੀ ।

# 3

ਚੌਕ ਵਿਚ ਸ਼ਾਇਦ ਕੋਈ ਜਲਸਾ ਸੀ। ਬਹੁਤ ਸਾਰੇ ਲੋਕ ਇਕ ਦੂਜੇ ਨਾਲ ਜੁੜੇ ਖਲੋਤੇ ਸਨ। ਬਹੁਤ ਭੀੜ ਸੀ ਪਰ ਕੋਈ ਵੀ ਇਕ ਦੂਜੇ ਨੂੰ ਪਛਾਣ ਨਹੀਂ ਸੀ ਰਿਹਾ। ਸਾਰੇ ਹੀ ਉਸ ਸਟੇਜ ਵਲ ਵੇਖ ਰਹੇ ਸਨ ਜਿਹੜੀ ਲੁਕ ਵਾਲੇ ਡਰਮਾਂ ਨੂੰ ਜੋੜ ਕੇ ਬਣਾਈ ਸੀ। ਅਜੇ ਜਲਸਾ ਸ਼ੁਰੂ ਨਹੀਂ ਸੀ ਹੋਇਆ। ਉਹ ਵੀ ਭੀੜ ਵਿਚ ਰਲ ਗਿਆ ਤੇ ਇਧਰ-ਉਧਰ ਫਿਰਨ ਲਗਾ। ਉਹ ਵੇਖ ਰਿਹਾ ਸੀ ਕਿ ਕੋਈ ਜਾਣੂ-ਪਛਾਣੂ ਮਿਲੇ ਤਾਂ ਉਸ ਨਾਲ ਗਲ ਕਰ ਸਕੇ। ਪਰ ਉਹ ਹੈਰਾਨ ਸੀ ਕਿ ਉਸ ਦੇ ਸ਼ਹਿਰ ਦੇ ਜਾਣਨ-ਪਛਾਣਨ ਵਾਲੇ ਲੋਕ ਕਿਧਰੇ ਟੁਰ ਤਾਂ ਨਹੀਂ ਗਏ ? ਤੇ ਜਿਹੜੇ ਲੋਕ ਉਥੇ ਖਲੋਤੇ ਸਨ ਜਾਂ ਫਿਰਦੇ ਟੁਰਦੇ ਪਏ ਸਨ ਉਹ ਤਾਂ ਬਿਲਕੁਲ ਓਪਰੇ ਤੇ ਨਵੇਂ ਸਨ।

ਸ਼ੁਕਰ-ਸ਼ੁਕਰ ਕਰਦੇ ਮਸਾਂ ਇਕ ਆਦਮੀ ਸਟੇਜ ਉਤੇ ਚੜ੍ਹਿਆ। ਉਸ ਦੇ ਸਟੇਜ ਉੱਤੇ ਚੜ੍ਹਦੇ ਹੀ ਲੋਕ ਹਸਣ ਲਗ ਪਏ। ਹਾਸਾ ਵਧਦਾ ਗਿਆ। ਸਟੇਜ ਉੱਤੇ ਖਲੋਤਾ ਆਦਮੀ ਪਰੇਸ਼ਾਨ ਹੋਇਆ ਚੁਤਰਫ਼ੀ ਵੇਖਦਾ ਰਿਹਾ। ਜਦੋਂ ਲੋਕਾਂ ਦਾ ਹਾਸਾ ਬੰਦ ਹੋਇਆ ਤਾਂ ਉਸ ਬੜੇ ਦਰਦ ਭਰੇ ਲਹਿਜੇ ਵਿਚ ਕਿਹਾ "ਤੁਸੀਂ ਸਾਰੇ ਯਕੀਨ ਕਰੋ ਕਿ ਮੈਂ ਬੀ ਉਹੋ ਹੀ ਆਦਮੀ ਹਾਂ ਜਿਸ ਨੇ ਤੁਹਾਨੂੰ ਕੁਝ ਆਖਣਾ ਹੈ।"

"ਇਕ ਐਸਾ ਆਦਮੀ, ਜਿਸ ਦੇ ਕਪੜੇ ਫੱਟੇ ਹੋਏ ਨੇ, ਦਾਹੜੀ ਵਧੀ ਹੋਈ ਏ, ਨਾ ਪੈਰੀਂ ਜੋੜਾ ਏ ਨਾ ਗਲ ਮਾਲਾ, ਉਹ ਸਾਨੂੰ ਕੀ ਆਖ ਸਕਦਾ ਹੈ ?" ਲੋਕਾਂ ਚੋਂ ਇਕ ਅਵਾਜ਼ ਉਭਰੀ।

"ਇਹ ਠੀਕ ਗਲ ਏ। ਨਾ ਇਸ ਨੇ ਤਿਲਕ ਲਗਾਇਆ ਏ ਨਾ ਧੋਤੀ ਪਾਈ ਹੈ। ਇਹ ਸਾਨੂੰ ਕੁਝ ਕਹਿਣ-ਸੁਨਾਣ ਦਾ ਅਧਿਕਾਰੀ ਕਿੰਝ ਹੋ ਸਕਦਾ ਏ ?" ਦੂਜਾ ਬੋਲਿਆ।

"ਇਸ ਸਟੇਜ ਉੱਤੇ ਤਾਂ ਉਹੀ ਬੋਲ ਸਕਦਾ ਏ ਜਿਹੜਾ ਸਭਨਾ ਗਲਾਂ 'ਚ ਸੰਪੂਰਨ ਤੇ ਵਡਾ ਹੋਏ" ਇਕ ਹੋਰ ਅਵਾਜ਼ ਜ਼ੋਰ ਨਾਲ ਉਭਰੀ।

ਸਟੇਜ ਉੱਤੇ ਚੜ੍ਹਿਆ ਆਦਮੀ ਜ਼ੋਰ ਦੀ ਚਿਲਾਇਆ "ਦੋਸਤੋ ! ਆਖਣ, ਬੋਲਣ ਦਾ ਸਬੰਧ ਨਾ ਤਿਲਕ ਨਾਲ ਹੈ ਨਾ ਮਾਲਾ ਨਾਲ ਤੇ ਨਾ ਵਡਪਣ ਨਾਲ। ਬੋਲਣ, ਸੁਨਾਉਣ ਦਾ ਸਬੰਧ ਵਿਚਾਰਾਂ ਤੇ ਆਦਰਸ਼ਾਂ ਨਾਲ ਹੁੰਦਾ ਹੈ। ਮੈਂ ਸਾਰੀ ਉਮਰ ..।"

"ਤੂੰ ਸਾਰੀ ਉਮਰ ਭਿਖ ਹੀ ਮੰਗਦਾ ਰਿਹਾ" ਇਕ ਆਦਮੀ ਨੇ ਹਸਦੇ ਹਸਦੇ ਉਸ ਦੀ ਗਲ ਪੂਰੀ ਕੀਤੀ "ਤੇ ਹੁਣ ਵੀ ਤੇਰਾ ਇਹੋ ਹੀ ਕਰਤਵ ਏ ਕਿ ਤੂੰ ਭਿਖਿਆ

ਹੀ ਮੰਗੋ'' ।

''ਮੈਂ ਕਦੇ ਭਿਖਿਆ ਨਹੀਂ ਮੰਗਦਾ ਰਿਹਾ । ਬਲਕਿ ਮੰਗਤਿਆਂ ਤੋਂ ਭਿਖ ਮੰਗਣੀ ਛੁੜਕਾਂਦਾ ਰਿਹਾ ਸਾਂ, ਉਨ੍ਹਾਂ ਨੂੰ ਪੜ੍ਹਾਂਦਾ ਰਿਹਾ ਸਾਂ :''

''ਤੂੰ ਸਟੇਜ ਉਤੋਂ ਹੇਠਾਂ ਉਤਰ, ਨਹੀਂ ਤਾਂ ਤੈਨੂੰ ਚੁੱਕ ਕੇ ਹੇਠਾਂ ਸੁਟ ਦਿਆਂਗੇ'' ਇਕ ਨੇ ਕਿਹਾ ।

ਉਸੀ ਵੇਲੇ ਉਹ ਆਦਮੀ ਸਟੇਜ ਤੋਂ ਹੇਠਾਂ ਉਤਰ ਆਇਆ ਤੇ ਦੂਜਾ ਆਦਮੀ ਸਟੇਜ ਉਤੇ ਜਾ ਖਲੋਤਾ । ਉਸ ਦੇ ਖਲੋਣ ਨਾਲ ਚੁਤਰਫੀ ਤਾੜੀਆਂ ਨਾਲ ਕੰਧਾਂ ਵੀ ਗੂੰਜਣ ਲਗੀਆਂ ।

ਇਸ ਆਦਮੀ ਨੇ ਤਿੰਨ ਲਕੀਰਾਂ ਵਾਲਾ ਤਿਲਕ ਲਗਾਇਆ ਹੋਇਆ ਸੀ । ਗੱਲ ਵਿਚ ਸੋਨੇ ਦੀ ਲਿਸ਼ਕਦੀ ਜ਼ੰਜੀਰ ਸੀ । ਸਿਲਕ ਦਾ ਕੁੜਤਾ-ਧੋਤੀ ਪਾਇਆ ਹੋਇਆ ਸੀ, ਪੈਰਾਂ ਵਿਚ ਜ਼ਰੀ ਦੀ ਜੁਤੀ ਸੀ । ਉਸ ਨੇ ਆਉਂਦੇ ਹੀ ਨੀਵਾਂ ਹੋ ਕੇ ਲੋਕਾਂ ਵਲ ਇੰਝ ਝੁਕਿਆ ਜਿਵੇਂ ਕੋਈ ਜਾਦੂਗਰ ਤਮਾਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਲੋਕਾਂ ਵਲ ਝੁਕਕੇ ਆਦਾਬ ਕਰਦਾ ਹੈ । ਉਸ ਬੜੀ ਮਿੱਠੀ ਅਵਾਜ਼ ਨਾਲ ਕਿਹਾ ''ਮੈਂ ਤੁਹਾਡਾ ਸੇਵਾਦਾਰ ਹਾਂ, ਮੈਂ ਤਾਂ ਮਿੱਟੀ ਦੇ ਬਰਾਬਰ ਦਾ ਮਨੁਖ ਹਾਂ । ਮੈਂ ਆਪਣੇ ਆਪ ਨੂੰ ਲੋਕ ਸੇਵਾ ਹਿਤ ਲਗਾ ਛਡਿਆ ਏ । ਮੈਂ ਤਾਂ ਸਮਾਜ ਦਾ ਸੇਵਕ ਹਾਂ । ਮੈਨੂੰ ਤਾਂ ਰਾਤੀਂ ਨੀਂਦਰ ਵੀ ਨਹੀਂ ਆਂਦੀ ਤੇ ਦਿਨ ਨੂੰ ਚੈਨ ਨਹੀਂ ਆਉਂਦਾ, ਮਨ ਟਿਕਦਾ ਨਹੀਂ । ਹਮੇਸ਼ਾਂ ਹੀ ਤੁਹਾਡੇ ਸਾਰਿਆਂ ਦੇ ਦੁਖਾਂ-ਸੁਖਾ ਬਾਰੇ ਹੀ ਸੋਚਦਾ ਰਹਿੰਦਾ ਹਾਂ । ਮੈਂ ਤਾਂ ਕੁਝ ਵੀ ਆਖਣ-ਸੁਨਾਣ ਨਹੀਂ ਆਇਆ ਸਿਰਫ ਬਹੁਤ ਦਿਨਾਂ ਤੋਂ ਤੁਹਾਡੇ ਦਰਸ਼ਨ ਨਹੀਂ ਸੀ ਕੀਤੇ ਇਸੇ ਲਈ ਹੀ...।'' ਫਿਰ ਥੋੜਾ ਰੁਕਿਆ ਤੇ ਆਖਣ ਲਗਾ ''ਮੈਂ ਤੁਹਾਡੇ ਅਗੇ ਇਕ ਅਰਜ਼ ਵੀ ਕਰਨੀ ਏ । ਤੁਹਾਨੂੰ ਵਿਸ਼ਵਾਸ ਤਾਂ ਨਹੀਂ ਆਏਗਾ, ਪਰ ਸਚ ਜਾਣਨਾ, ਮੇਰੇ ਘਰ ਚੋਰੀ ਹੋ ਗਈ ਏ ।''

ਚੋਰੀ ਦਾ ਜ਼ਿਕਰ ਸੁਣਦੇ ਹੀ ਚੁਤਰਫ਼ੀ ਚੁੱਪ ਪਸਰ ਗਈ । ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ । ਜਿਵੇਂ ਉਸ ਦੇ ਘਰ ਨਹੀਂ, ਸਾਰਿਆਂ ਦੇ ਘਰ ਹੀ ਚੋਰੀ ਹੋਈ ਹੋਵੇ ।

''ਸਾਨੂੰ ਸਾਰਿਆਂ ਨੂੰ ਬੜਾ ਦੁਖ ਹੋਇਆ ਹੈ । ਅਸੀਂ ਸਾਰੇ ਚੰਦਾ ਇਕੱਠਾ ਕਰਕੇ ਤੁਹਾਡਾ ਨੁਕਸਾਨ ਪੂਰਾ ਕਰ ਦਿੰਦੇ ਹਾਂ ।'' ਇਕ ਆਦਮੀ ਜਿਸ ਨੇ ਗੱਲੇ ਵਿਚ ਆਪਣੇ ਕੱਦ ਤੋਂ ਵੀ ਵਡੀ ਕਿਸੇ ਆਦਮੀ ਦੀ ਤਸਵੀਰ ਰਸੀ ਬੰਨ ਕੇ ਪਾਈ ਹੋਈ ਸੀ ਨੇ ਉੱਚੀ ਅਵਾਜ਼ 'ਚ ਕਿਹਾ ।

''ਇਹ ਘਾਟਾ ਪੂਰਾ ਹੋਣ ਵਾਲਾ ਨਹੀਂ ।'' ਸਟੇਜ ਉੱਤੇ ਖਲੋਤੇ ਤਿਲਕ ਧਾਰੀ ਨੇ ਆਖਿਆ । ਮੈਂ ਆਪਣੇ ਕੁਝ ਆਦਰਸ਼ ਸਾਂਭ ਕੇ ਰਖੇ ਹੋਏ ਸਨ । ਜਿਹੜੇ ਸਿਰਫ ਤੁਹਾਡੇ ਹੀ ਕੰਮ ਆਣੇ ਸਨ । ਕੋਈ ਚੋਰ ਸਾਰੇ ਹੀ ਚੋਰੀ ਕਰਕੇ ਲੈ ਗਿਆ । ਚੋਰੀ ਮੇਰੀ ਨਹੀਂ ਤੁਹਾਡੀ ਹੋਈ ਹੈ । ਮੇਰੇ ਆਦਰਸ਼ਾਂ ਦੀ ਨਹੀਂ, ਤੁਹਾਡੇ ਆਦਰਸ਼ਾਂ ਦੀ ਹੋਈ ਹੈ । ਚੋਰੀ ਮੈਂ ਨਹੀਂ ਬਲਕਿ ਤੁਹਾਡੇ ਚੋਂ ਕਿਸੇ ਨੇ ਕੀਤੀ ਹੈ । ਚੋਰ ਮੈਂ ਨਹੀਂ, ਤੁਸੀਂ ਖੁਦ ਆਪ ਹੋ ।''

ਕੁਝ ਚਿਰ ਸਾਰੇ ਪਾਸੇ ਚੁੱਪੀ ਛਾਈ ਰਹੀ । ਫਿਰ ਕੁਝ ਹਲ-ਚਲ ਹੋਈ । ਮਜਮੇਂ

ਚੋਂ ਹੀ ਇਕ ਆਦਮੀ ਨੇ ਅਗੇ ਵੱਧ ਕੇ ਆਖਿਆ, "ਮੈਂ ਤੇ ਮੇਰੇ ਗੁਆਂਢੀ ਸਹੁੰ ਚੁਕਦੇ ਨੇ ਕਿ ਜਦੋਂ ਤੀਕ ਅਸੀਂ ਤੁਹਾਡੇ ਗੁਆਚੇ ਹੋਏ ਆਦਰਸ਼ ਤੁਹਾਨੂੰ ਵਾਪਸ ਨਹੀਂ ਲਿਆ ਦਿਆਂਗੇ, ਅਸੀਂ ਪਾਣੀ ਵੀ ਨਹੀਂ ਪੀਣਾ ।"

"ਤੁਹਾਡੇ ਆਸਰੇ ਹੀ ਤਾਂ ਇਥੇ ਸਭ ਕੁਝ ਟਿਕਿਆ ਹੋਇਆ ਏ" ਸਟੇਜ ਉੱਤੇ ਖਲੋਤੇ ਸਿਲਕ ਦੀ ਧੋਤੀ ਤੇ ਕੁੜਤਾ ਪਾਈ ਆਦਮੀ ਨੇ ਕਿਹਾ ।

"ਜੇ ਤੁਸੀਂ ਮੇਰੇ ਆਦਰਸ਼ ਨਾ ਵੀ ਲਭ ਸਕੇ ਤਾਂ ਵੀ ਮੈਨੂੰ ਭੁਲਣਾ ਨਹੀਂ । ਨਹੀਂ ਤਾਂ ਮਰਨੇ ਤੋਂ ਬਾਅਦ ਵੀ ਮੇਰੀ ਆਤਮਾ ਕਲਪਦੀ ਤੇ ਭਟਕਦੀ ਰਹਿਣੀ ਏ ।"

ਇਕ ਵਾਰੀ ਫ਼ਿਰ ਜ਼ੋਰ ਦੀਆਂ ਤਾੜੀਆਂ ਵਜੀਆਂ, ਇੰਨੀ ਜ਼ੋਰ ਦੀਆਂ ਕਿ ਤਾੜੀਆਂ ਮਾਰਨੇ ਵਾਲਿਆਂ ਦੇ ਹੱਥਾਂ ਚੋਂ ਲਹੂ ਫੁੱਟ ਆਇਆ ।

"ਵੇਖਿਆ, ਕੈਸਾ ਧੋਖੇ ਬਾਜ਼ ਆਦਮੀ ਏ ।" ਉਸ ਦੇ ਮੋਢੇ ਉੱਤੇ ਗੁਆਂਢੀ ਨੇ ਹੱਥ ਰਖਦੇ ਹੋਏ ਆਖਿਆ, "ਭਲਾ ! ਆਦਰਸ਼ ਵੀ ਕਦੇ ਚੋਰੀ ਹੋਣ ਵਾਲੀ ਚੀਜ਼ ਹੁੰਦੀ ਏ । ਪਰ ਸਾਰੇ ਸੁਣਦੇ ਰਹੇ ਤੇ ਉਹ ਸੁਣਾਂਦਾ ਰਿਹਾ ਸੀ । ਕਈਆਂ ਤਾਂ ਆਦਰਸ਼ ਭਾਲਣ ਲਈ ਸਹੁੰਆਂ ਵੀ ਚੁੱਕ ਲਿਤੀਆਂ ਸਨ ।"

"ਅਜੀਬ ਜਿਹਾ ਤਮਾਸ਼ਾ ਬਣ ਗਿਆ ਏ । ਉਹ ਤਾਂ ਚਾਲ-ਢਾਲ ਤੋਂ ਹੀ ਫਰੇਬੀ ਲਗਦਾ ਸੀ । ਪਰ ਉਸ ਤੋਂ ਪਹਿਲਾਂ ਜਿਹੜਾ ਆਦਮੀ ਸਟੇਜ ਉੱਤੇ ਆਇਆ ਸੀ, ਉਹ ਕੁਝ ਆਖਣਾ ਚਾਹੁੰਦਾ ਸੀ ਪਰ ਲੋਕਾਂ ਨੇ ਉਸ ਦੀ ਗੱਲ ਹੀ ਨਹੀਂ ਸੀ ਸੁਣੀ" ਉਸ ਨੇ ਉਦਾਸ ਹੋ ਕੇ ਕਿਹਾ ।

"ਇਹ ਲੋਕ, ਉਸ ਆਦਮੀ ਦੇ ਵਿਚਾਰਾਂ ਤੇ ਆਦਰਸ਼ਾਂ ਦਾ ਮਾਣ ਕਰਨ ਵਾਲੇ ਨਹੀਂ । ਇਹ ਤਿਲਕ, ਮਾਲਾ ਤੇ ਕਪੜੇ ਦਾ ਮਾਣ ਕਰਦੇ ਨੇ । ਉਸ ਆਦਮੀ ਨੇ ਸਟੇਜ ਉੱਤੇ ਆ ਕੇ ਬੜੀ ਗਲਤੀ ਕੀਤੀ ਸੀ ।"

ਘੜੀ-ਪਲ ਵਿਚ ਹੀ ਲੋਕ ਭੁਲ ਗਏ ਕਿ ਕੁਝ ਚਿਰ ਪਹਿਲਾਂ ਇਥੇ ਜਲਸਾ ਹੋ ਰਿਹਾ ਸੀ । ਹਿਲ ਜੁਲ ਮੱਚੀ ਤੇ ਸਾਰੇ ਆਪੋ ਆਪਣੇ ਕੰਮਾਂ ਤੇ ਟੁਰ ਪਏ । ਪੁਟਣ ਵਾਲਿਆਂ ਨੇ ਸਟੇਜ ਤਾਂ ਪਲਾਂ ਛਿਣਾ 'ਚ ਹੀ ਪੁੱਟ ਦਿਤੀ ਪਰ ਉਹ ਹੁਣ ਉਸ ਆਦਮੀ ਨੂੰ ਲਭ ਰਹੇ ਸਨ ਜਿਸ ਸਾਰਾ ਕਿਰਾਇਆ ਤੇ ਮਜ਼ਦੂਰੀ ਦੇਣੀ ਸੀ ਤੇ ਉਹ ਆਦਮੀ ਉਨ੍ਹਾਂ ਨੂੰ ਨਹੀਂ ਸੀ ਲਭ ਰਿਹਾ ।

ਉਥੇ ਹੀ ਖਲੋਤੇ ਹੋਏ ਇਕ ਮਜ਼ਦੂਰ ਨੇ ਕਿਹਾ ਕਿ "ਸਾਡੇ ਨਾਲ ਉਸ ਤਿਲਕ-ਧਾਰੀ ਨੇ ਇਕਰਾਰ ਕੀਤਾ ਸੀ ਕਿ ਤਾੜੀਆਂ ਵਜਦੇ ਹੀ ਤੁਸਾਂ ਨੂੰ ਮਜ਼ਦੂਰੀ ਦਿਤੀ ਜਾਏਗੀ । ਅਸਾਂ ਸਾਰਾ ਸਾਮਾਨ ਢੋਇਆ ! ਤਾੜੀਆਂ ਵਜਾ-ਵਜਾ ਆਪਣੇ ਹੱਥਾਂ 'ਚ ਛਾਲੇ ਪਾ ਲਏ ਤੇ ਹੁਣ ਉਹ ਆਪ ਖਿਸਕ ਗਿਆ ਏ"

ਮਜ਼ਦੂਰ ਸ਼ੋਰ ਮਚਾਂਦੇ ਕੁਰਲਾਂਦੇ ਰਹੇ । ਤਮਾਸ਼ਬੀਨ ਆਪੋ ਆਪਣੇ ਕੰਮਾਂ ਉਤੇ ਪੁਜ ਗਏ ।

"ਤੂੰ ਤਸਵੀਰ ਵੇਖ ਆਇਆ ਏਂ ?" ਉਸ ਆਪਣੇ ਗੁਆਂਢੀ ਨੂੰ ਪੁਛਿਆ ।

"ਤਸਵੀਰ ਕਿੱਥੇ ਵੇਖ ਸਕੇ, ਰਸਤੇ ਵਿਚ ਹੀ ਰੁਕਣਾ ਪੈ ਗਿਆ"

"ਕਿਉਂ ? ਕੀ ਕੋਈ ਖਾਸ ਗਲ ਹੋ ਗਈ ਸੀ ?"

"ਤੂੰ ਵਡਾ ਆਦਮੀ ਬਣਨਾ ਚਾਹੁੰਦਾ ਏਂ ਨਾ ?" ਗੁਆਂਢੀ ਨੇ ਪੁਛਿਆ "ਮੇਰਾ ਮਤਲਬ ਏ, ਤੂੰ ਸ਼ਹਿਰ ਦਾ ਵਡਾ ਆਦਮੀ ਅਖਵਾਉਣਾ ਚਾਹੁੰਦਾ ਏਂ ਨਾ ?"

"ਤੂੰ ਬੁਝਾਰਤਾਂ ਨਹੀਂ ਪਾ ! ਇਸ ਦਾ ਜੁਆਬ ਮੈਂ ਬਾਅਦ ਵਿਚ ਦਿਆਂਗਾ, ਪਹਿਲੇ ਤੂੰ ਸਾਰੀ ਗੱਲ ਸੁਣਾ ।"

"ਇਕ ਥਾਂ ਸ਼ਬੀਲ ਸੀ ! ਜਿਥੋਂ ਮੈਂ ਪਾਣੀ ਪੀਂਦਾ ਹੁੰਦਾ ਸਾਂ । ਉਥੋਂ—ਸ਼ਾਇਦ ਪੁਟੀ ਗਈ ਸੀ । ਮੈਂ ਸ਼ਬੀਲ ਢੂੰਡ ਰਿਹਾ ਸਾਂ ਕਿ ਇਕ ਮਹਾਤਮਾ ਜੀ ਦਿਸ ਪਏ ।" ਗੁਆਂਢੀ ਨੇ ਸੁਣਾਇਆ ।

"ਫਿਰ ?" ਉਸ ਕਾਹਲੇ ਪੈਂਦੇ ਪੁਛਿਆ ।

"ਫਿਰ ਕੀ ? ਉਸ ਮਹਾਤਮਾ ਨੇ ਆਖਿਆ । ਹੁਣ ਇਥੇ ਸ਼ਬੀਲ ਨਹੀਂ ਮੈਂ ਹਾਂ । ਮੈਂ ਤਾਂ ਆਦਮੀ ਨੂੰ ਵਡਾ ਬਣਾ ਦੇਂਦਾ ਹਾਂ ।"

"ਵਡਾ ਆਦਮੀ ਬਨਾਉਣ ਵਾਲਾ ? ਕਿਸ ਤਰ੍ਹਾਂ ਵਡਾ ਬਨਾਣ ਵਾਲਾ ?"

"ਇਹ ਤਾਂ ਉਸ ਦੇ ਕੋਲ ਜਾ ਕੇ ਹੀ ਪਤਾ ਲਗ ਸਕਦਾ ਏ ! ਪਰ ਉਹ ਆਖਦਾ ਸੀ ਕਿ ਉਹ ਘੜੀ-ਪਲ ਵਿਚ ਆਦਮੀ ਨੂੰ ਵਡਾ ਬਣਾ ਛਡਦਾ ਏ ।"

"ਮੈਂ ਬੀ ਤੇਰੇ ਨਾਲ ਜਾਵਾਂਗਾ । ਮੈਂ ਵੀ ਵੇਖਣਾ ਚਾਹੁੰਦਾ ਹਾਂ ਕਿ ਇਕ ਮਹਾਤਮਾ ਆਦਮੀ ਨੂੰ ਪਲਾਂ ਵਿਚ ਕਿੰਝ ਵਡਾ ਆਦਮੀ ਬਣਾ ਸਕਦਾ ਏ ।"

"ਉਹ ਤਾਂ ਮੈਨੂੰ ਬੜੀ ਕਰਨੀ ਵਾਲਾ ਸਾਧੂ ਲਗਦਾ ਏ । ਤੂੰ ਕਿਸੇ ਕਿਸਮ ਦਾ ਸ਼ੰਕਾ ਨਹੀਂ ਕਰ, ਉਸ ਨੂੰ ਪਤਾ ਲਗ ਜਾਏਗਾ । ਉਹ ਗੁਸੇ ਹੋਏਗਾ । ਉਹ ਪਹਿਲਾਂ ਹੀ ਆਖਦਾ ਸੀ ਕਿ ਸ਼ਕ ਕਰਨ ਵਾਲੇ ਆਦਮੀ ਕਦੇ ਵੀ ਵਡੇ ਨਹੀਂ ਹੋ ਸਕਦੇ :"

ਉਹ ਚੁੱਪ ਹੋ ਗਿਆ ।

ਸੂਰਜ ਕਿਸੇ ਹਨੇਰੀ ਗੁੱਠ ਵਿਚ ਛੁੱਪ ਗਿਆ ਤਾਂ ਉਹ ਦੋਵੇਂ ਸ਼ਬੀਲ ਵਾਲੀ ਥਾਂ ਜਾ ਪੁੱਜੇ । ਉਥੇ ਮਹਾਤਮਾ ਉਨ੍ਹਾਂ ਦੀ ਉਡੀਕ ਵਿਚ ਖਲੋਤਾ ਸੀ । ਮਹਾਤਮਾ ਨਾਲ ਦੋ ਜੁਆਨ ਮੁੰਡੇ ਸਨ ਤੇ ਦੋ ਹੋਰ । ਉਹ ਪਛਾਣ ਨਾ ਸਕੇ ਕਿ ਦੋ ਹੋਰ ਕੁੜੀਆਂ ਹਨ ਜਾਂ ਮੁੰਡੇ ।

"ਤੂੰ ਆ ਗਿਆ ?" ਮਹਾਤਮਾ ਨੇ ਉਸ ਦੇ ਗੁਆਂਢੀ ਨੂੰ ਪੁਛਿਆ । "ਹਾਂ ਜੀ ? ਤੁਹਾਡੀ ਆਗਿਆ ਸਿਰ ਮੱਥੇ, ਟਾਲ ਕਿੰਝ ਸਕਦਾ ਸਾਂ" "ਪਰ ਜਿਹੜਾ ਆਦਮੀ ਤੇਰੇ ਨਾਲ ਹੈ ਉਸ ਦੇ ਮਨ ਵਿਚ ਤੌਖਲਾ ਹੈ, ਸ਼ਕ ਹੈ ਤੇ ਇਹ ਸ਼ਕ ਠੀਕ ਨਹੀਂ ।"

ਹੁਣ ਗੁਆਂਢੀ ਨੇ ਹੱਸ ਕੇ ਉਸ ਵਲ ਵੇਖਿਆ ਤੇ ਆਖਿਆ "ਨਹੀਂ ਜੀ...ਭਰਤ ਦੇ ਮਨ ਵਿਚ ਕੋਈ ਸ਼ੰਕਾ ਨਹੀਂ ।"

ਉਸ ਨੇ ਵੀ ਨਾ ਵਿਚ ਜ਼ੋਰ ਦੀ ਮੁੰਡੀ ਹਿਲਾਈ "ਬਿਲਕੁਲ ਨਹੀਂ" "ਤੁਹਾਡੇ ਦੋਹਾਂ ਚੋਂ ਵਡਾ ਬਣਨੇ ਦੀ ਇੱਛਾ ਪਹਿਲਾਂ ਕਿਸ ਦੀ ਏ ?"

ਗੁਆਂਢੀ ਅਗੇ ਹੋਇਆ "ਜੀ, ਪਹਿਲੇ ਮੈਂ ਆਇਆ ਸਾਂ ।"

"ਫਿਰ ਅਸੀਂ ਇਸੇ ਨੂੰ ਵਡਾ ਬਣਾ ਦੇਈਏ ?" ਮਹਾਤਮਾ ਜੀ ਨੇ ਆਪਣੇ ਨਾਲ ਖਲੋਤੇ ਚੇਲਿਆਂ ਨੂੰ ਪੁਛਿਆ ।

"ਜ਼ਰੂਰ ਬਣਾ ਦਿਉ" ਸਾਰਿਆਂ ਨੇ ਸਾਂਝੀ ਆਵਾਜ਼ ਕਢੀ ।

116271
23.11.04

ਮਹਾਤਮਾ ਜੀ ਤਿਆਰੀ ਕਰਨ ਲਗੇ। ਉਨ੍ਹਾਂ ਇਕ ਵਡਾ ਥੈਲਾ ਕਢਿਆ ਤੇ ਉਸ ਨੂੰ ਫਰੋਲਣ ਲਗੇ।

ਉਹ ਮਹਾਤਮਾ ਨੂੰ ਵੇਖਦਾ ਰਿਹਾ। ਅਸਲ ਵਿਚ ਉਸ ਦਾ ਮਨ ਨਹੀਂ ਸੀ ਮੰਨਦਾ ਕਿ ਮਹਾਤਮਾ ਜੋ ਵੀ ਕਰੇਗਾ, ਠੀਕ ਕਰੇਗਾ। ਮਹਾਤਮਾ ਉਸ ਦੇ ਦਿਲ ਨੂੰ ਰਤਾ ਵੀ ਨਹੀਂ ਸੀ ਭਾਇਆ। ਉਂਝ ਤਾਂ ਸ਼ਹਿਰ ਵਿਚ ਬਹੁਤ ਸਾਰੇ ਲੋਕਾਂ ਦਾ ਰੰਗ ਕਾਲਾ ਸੀ ਪਰ ਮਹਾਤਮਾ ਦਾ ਰੰਗ ਅਜੀਬ ਹੀ ਕਿਸਮ ਦਾ ਕਾਲਾ ਸੀ, ਬੜਾ ਬੇਢੰਗਾ ਸਰੀਰ ਤੇ ਕਾਹਲੀ ਕਾਹਲੀ ਉਹ ਹਰ ਚੀਜ਼ ਨੂੰ ਟੋਹ ਰਿਹਾ ਸੀ। ਮਹਾਤਮਾ ਨੂੰ ਜਲਦੀ ਜਲਦੀ ਅੱਖ ਝਪਕਾਂਦੇ ਵੇਖ ਉਸ ਨੂੰ ਇਕ ਮੰਗਤੇ ਦੀ ਯਾਦ ਆਈ, ਜਿਹੜਾ ਕਹਿੰਦਾ ਸੀ "ਵਡਾ ਹੋਏ ਚਾਹੇ ਛੋਟਾ ਜਿਹੜਾ ਜਲਦੀ ਜਲਦੀ ਅੱਖਾਂ ਝਪਕੇ ਉਹ ਜ਼ਰੂਰ ਮੁਸੀਬਤਾਂ ਪਾਣ ਵਾਲਾ ਹੁੰਦਾ ਹੈ।"

ਮਹਾਤਮਾ ਜੀ ਨੇ ਦੋ-ਤਿੰਨ ਬਿਜਲੀ ਦੇ ਲਾਟੂ ਕਢੇ। ਫਿਰ ਉਸ ਦੇ ਗੁਆਂਢੀ ਨੂੰ ਕਿਹਾ "ਲੈ . ਆ, ਕੰਧ ਤੋਂ ਥੋੜਾ ਉਰ੍ਹਾਂ ਖਲੋਅ ਜਾ।" ਉਸ ਦਾ ਗੁਆਂਢੀ ਖਲੋਅ ਗਿਆ। ਮਹਾਤਮਾ 'ਸ਼ੜੁਤ' ਕਰਕੇ ਖੰਭੇ ਉਤੇ ਚੜ੍ਹ ਗਿਆ ਤੇ ਬਿਜਲੀ ਦੀਆਂ ਤਾਰਾਂ ਜੋੜ ਕੇ ਝਟ ਪਟ ਹੇਠਾਂ ਉਤਰ ਆਇਆ ਤੇ ਲਾਟੂ ਬਾਲਿਆ। ਫਿਰ ਗੁਆਂਢੀ ਨੂੰ ਆਖਿਆ "ਕੰਧ ਵਲ ਵੇਖ।"

ਉਸ ਨੇ ਵੇਖਿਆ ਇਕ ਪਰਛਾਵਾਂ। ਆਪਣਾ ਹੀ ਪਰਛਾਵਾਂ, ਆਪਣੇ ਤੋਂ ਵੀ ਵਡਾ ਪਰਛਾਵਾਂ।

"ਇਹ ਮੇਰਾ ਪਹਿਲਾ ਚਮਤਕਾਰ ਏ — ਇਹ ਤੂੰ ਹੀ ਏਂ ਇਹੜਾ ਵਡਾ..." ਮਹਾਤਮਾ ਨੇ ਕਿਹਾ।

"ਤੁਸੀਂ ਧੰਨ ਹੋ ਮਹਾਤਮਾ ਜੀ" ਮਹਾਤਮਾ ਜੀ ਦੇ ਚੇਲੇ ਇਕ ਸੁਰ ਹੋ ਕੇ ਬੋਲੇ।

ਉਹ ਤੇ ਉਸ ਦਾ ਗੁਆਂਢੀ ਕੰਧ ਉੱਤੇ ਪਿਆ ਵਡਾ ਪਰਛਾਵਾਂ ਵੇਖਦੇ ਰਹੇ। ਦੋਹੇਂ ਆਪਣੇ ਮਨਾਂ ਵਿਚ ਸੋਚਦੇ ਰਹੇ ਕਿ ਪਰਛਾਵੇਂ ਨਾਲ ਆਦਮੀ ਵਡਾ ਕਿਵੇਂ ਹੋ ਸਕਦਾ ਏ?

"ਮਹਾਤਮਾ ਜੀ, ਮੈਂ ਵਡਾ ਹੋ ਗਿਆ ਹਾਂ?" ਗੁਆਂਢੀ ਪੁਛਿਆ।

"ਹਾਂ ਹੋ ਗਿਆ ਏਂ ਤੂੰ ਵਡਾ।"

"ਪਰ... ਮਹਾਤਮਾ ਜੀ, ਇਹ ਤਾਂ ਉਨ੍ਹਾਂ ਹੀ ਏ ਤੇ ਉਸ ਦਾ ਪਰਛਾਵਾਂ ਹੀ ਸਿਰਫ਼ ਵਡਾ ਦਿਸ ਰਿਹਾ ਏ" ਅਗੇ ਵਧ ਕੇ ਉਸ ਮਹਾਤਮਾ ਨੂੰ ਆਖਿਆ।

ਮਹਾਤਮਾ ਜੀ ਜ਼ੋਰ ਦੀ ਗੜਾਕਾ ਮਾਰ ਕੇ ਹਸੇ ਤਾਂ ਖੰਭੇ ਉਤੇ ਬੈਠੇ ਸਾਰੇ ਪੰਛੀ ਵੀ ਉਡ ਗਏ।

"ਮੂਰਖੋ! ਅੱਜ ਕਲ੍ਹ ਉਹੀ ਆਦਮੀ ਵਡਾ ਏ, ਜਿਸ ਦਾ ਪਰਛਾਵਾਂ ਵਡਾ ਲਗੇ... ਜਿੰਨਾਂ ਵਡਾ ਪਰਛਾਵਾਂ, ਉਨ੍ਹਾਂ ਹੀ ਵਡਾ ਆਦਮੀ?"

"ਇਹ ਤਾਂ ਸੱਚੀ ਕਮਾਲ ਹੀ ਏ" ਗੁਆਂਢੀ ਨੇ ਕਿਹਾ।

"ਜੋ ਕੁਝ ਬੀ ਹੈ, ਜੇ ਮੰਨ ਵੀ ਲਿਆ ਜਾਏ ਕਿ ਇਹ ਤਾਂ ਸਿਰਫ਼ ਪਰਛਾਵੇਂ ਦੇ ਵਡੇ ਹੋਣ ਨਾਲ ਵਡਾ ਹੋ ਗਿਆ ਏ, ਤਾਂ ਕੀ ਹੋਏਗਾ ਭਲਾ?" ਉਸ ਨੇ ਪੁਛਿਆ।

''ਆਦਰ-ਮਾਣ ਤੇ ਡਰ, ਇਨ੍ਹਾਂ ਦੋਹਾਂ ਦਾ ਬੜਾ ਮੇਲ-ਮਿਲਾਪ ਏ। ਲੋਕ ਇਸ ਦਾ ਆਦਰ-ਮਾਣ ਵੀ ਕਰਨਗੇ ਤੇ ਇਸ ਤੋਂ ਡਰਨ ਵੀ ਗੇ।''

''ਪਰ ਹਰ ਥਾਂ ਤਾਂ ਇਹ ਆਪਣੇ ਆਪ ਨੂੰ ਵਡਾ ਤਾਂ ਨਹੀਂ ਕਹਿ ਸਕਦਾ ਨਾ! ਇਸ ਨੂੰ ਵਡਾ ਬਨਾਣ ਵਾਲਾ ਮੰਤਰ ਤਾਂ ਤੁਹਾਡੇ ਹੱਥ ਏ।''

ਮਹਾਤਮਾ ਜੀ ਨੂੰ ਗੁੱਸਾ ਚੜ੍ਹਿਆ, ਭਵਾਂ ਚੜ੍ਹਾ ਕੇ ਬੋਲੇ ''ਇਹ ਜਿੱਥੇ ਵੀ ਸਾਨੂੰ ਯਾਦ ਕਰੇਗਾ, ਅਸੀਂ ਉਥੇ ਹੀ ਪਹੁੰਚ ਜਾਵਾਂਗੇ'' ਤੇ ਮਹਾਤਮਾ ਜੀ ਨੇ ਆਪਣਾ ਨਿੱਕ-ਸੁਕ ਸਾਂਭਿਆ ਤੇ ਟੁਰਨ ਲਗੇ।

''ਮਹਾਤਮਾ ਜੀ, ਤੁਸੀਂ ਮੇਰੇ ਗੁਆਂਢੀ ਨੂੰ ਭਰਮਾ ਲਿਤਾ ਏ, ਤੁਸੀਂ ਜੋ ਲੋਕਾਂ ਨੂੰ ਵਡੇ ਬਨਾਉਣ ਦਾ ਦਾਅਵਾ ਕਰਦੇ ਹੋ, ਤੁਸੀਂ ਆਪ ਕਿੰਨੇ ਕੁ ਵਡੇ ਹੋ?''

''ਨਗਰ ਦੀ ਤਰਕੀ ਤੇ ਵਾਧੇ ਲਈ ਪਾਸ ਹੋਏ ਕਾਨੂੰਨਾਂ ਵਿਚ ਇਕ ਇਹ ਗਲ ਵੀ ਮੰਨ ਲਿਤੀ ਗਈ ਏ ਕਿ ਜਿਸ ਕੋਲ ਜਿੰਨਾ ਵਡਾ ਲਾਟੂ ਏ ਤੇ ਜਿੰਨਾਂ ਵਡਾ ਪਰਛਾਵਾਂ ਉਹ ਬਣਾ ਸਕਦਾ ਏ ਉਨ੍ਹਾਂ ਹੀ ਉਹ ਵਡਾ ਮੰਨਿਆ ਜਾਏਗਾ'' ਮਹਾਤਮਾ ਨੇ ਆਖਿਆ।

'' ਜੇ ਤੁਹਾਡੇ ਵਡਪਣ ਨੂੰ ਮੰਨਣ ਲਈ ਕੋਈ ਇੰਨਕਾਰ ਕਰੇ? ''ਤਾਂ ਸਾਡੇ ਕੋਲ ਮਨਵਾਉਣ ਦੀਆਂ ਹੋਰ ਬਹੁਤ ਵਿਧੀਆਂ ਨੇ, ਅਸੀਂ ਸਾਰੇ ਗੁਣ ਜਾਣਦੇ ਹਾਂ'' ਮਹਾਤਮਾ ਆਪਣੇ ਚੇਲਿਆਂ ਵਲ ਵੇਖ ਹਸਿਆ।

''ਤੁਸੀਂ ਟੁਰ ਚਲੇ ਹੋ, ਮਹਾਤਮਾ ਜੀ?'' ਗੁਆਂਢੀ ਨੇ ਆਖਿਆ—''ਮੈਂ ਕਲ ਹੀ ਸਟੇਜ ਉੱਤੇ ਚੜ੍ਹ ਕੇ ਜ਼ੋਰ ਦੀ ਆਖਣਾ ਏ ਕਿ ਮੈਂ ਬਹੁਤ ਵਡਾ ਹਾਂ। ਕਲ ਤੁਸੀਂ ਉੱਥੇ ਪਹੁੰਚ ਜਾਉਗੇ ਨਾ?'' ਪਿੱਛੇ ਮੁੜ ਬੜੇ ਜ਼ੋਰ ਦੀ ਮਹਾਤਮਾ ਜੀ ਹਸੇ ''ਮੇਰੇ ਪੂਜਣ ਦੀ ਕੋਈ ਲੋੜ ਨਹੀਂ, ਮੈਂ ਇਸ ਸ਼ਹਿਰ ਵਿਚ ਅਨੇਕ ਰੂਪ ਬਦਲ ਕੇ ਰਹਿੰਦਾ ਹਾਂ। ਕਿਧਰੇ ਮੰਗਤਾ, ਕਿਧਰੇ ਦਰਬਾਨ, ਚਪੜਾਸੀ, ਕਿਧਰੇ ਕੰਮਪੋਡਰ ਤੇ ਕਿਧਰੇ ਅਖ਼ਬਾਰ ਵੰਡਦਾ ਹਾਂ। ਮੈਨੂੰ ਤਾਂ ਪਛਾਣਨ ਦੀ ਲੋੜ ਏ...ਜਿਥੇ ਪਛਾਣੋ ਮੈਂ ਉਥੇ ਹੀ ਹਾਜ਼ਰ ਹੁੰਦਾ ਹਾਂ।''

ਮਹਾਤਮਾਂ ਚੇਲਿਆਂ ਨਾਲ ਦੂਰ ਪਹੁੰਚ ਗਿਆ ਤਾਂ ਉਸ ਨੇ ਜ਼ੋਰ ਦੀ ਅਵਾਜ਼ ਦਿਤੀ ''ਮਹਾਤਮਾ ਜੀ! ਇਹ ਝੂਠਾ ਚਮਤਕਾਰ ਬੰਦ ਕਰੋ। ਦੁਨੀਆਂ ਨਾਲ ਧੋਖਾ ਕਰਨਾ ਛਡ ਦਿਓ ਤੇ ਕਿਉਂ ਚੰਗੇ-ਭਲੇ ਬੰਦਿਆਂ ਦੇ ਦਿਮਾਗ਼ ਫੇਰਦੇ ਹੋ? ਆਪਣਾ ਬਹੁਰੂਪੀਆਪਣ ਤਿਆਗੋ...ਮਹਾਤਮਾ ਜੀ।''

ਮਹਾਤਮਾ ਨੇ ਆਪਣੇ ਚੇਲਿਆਂ ਨੂੰ ਇਸ਼ਾਰਾ ਕੀਤਾ। ਉਹ ਸਾਰੇ ਗੋਲ਼ੀ ਵਾਂਗ ਭਜਦੇ ਆਏ ਤੇ ਉਨ੍ਹਾਂ ਨੇ ਉਸ ਨੂੰ ਫੜ ਲਿਆ। ਗੁਆਂਢੀ ਘਾਬਰ ਗਿਆ ''ਕਹਿ ਦੇ ਨਾ.. ਤੁਸੀਂ ਵਡੇ ਹੋ...ਬਹੁਤ ਵਡੇ, ਨਹੀਂ ਤਾਂ ਇਹ ਲੋਕ ਥੌਰੇ ਤੇਰੇ ਨਾਲ ਕਿਹੋ ਜਿਹਾ ਸਲੂਕ ਕਰਨ।''

ਮਹਾਤਮਾ ਦੇ ਚਾਰ ਚੇਲਿਆਂ ਨੇ ਉਸ ਨੂੰ ਇੰਨਾਂ ਕਸ ਕੇ ਪਕੜਿਆ ਸੀ ਕਿ ਉਸ

ਦੀਆਂ ਬਾਹਵਾਂ ਤੇ ਗਰਦਨ ਦਾ ਲਹੂ ਜਿਵੇਂ ਰੁਕ ਗਿਆ। ਉਹ ਜ਼ੋਰ ਨਾਲ ਚੀਕਿਆ "ਤੁਸੀਂ ਧੰਨ ਹੋ ਮਹਾਰਾਜ ! ਤੁਸੀਂ ਵੀ ਵਡੇ, ਤੁਹਾਡਾ ਪਰਛਾਵਾਂ ਵੀ ਵਡਾ...ਤੁਹਾਡੇ ਚੇਲੇ ਵੀ ਵਡੇ...।"

ਲੋਕ ਇਕੱਠੇ ਸਨ। ਕੱਥਾ-ਕੀਰਤਨ ਦਾ ਪਰਵਾਹ ਜ਼ੋਰ ਨਾਲ ਚਲ ਰਿਹਾ ਸੀ। ਕਈਆਂ ਅੱਖਾਂ ਮੀਟੀਆਂ ਹੋਈਆਂ ਸਨ। ਕਈ ਸ਼ਾਇਦ ਸੌਂ ਵੀ ਗਏ ਹੋਣ। ਲੋਕ ਝੂਮ ਰਹੇ ਸਨ। ਉੱਥੇ ਬੈਠੇ ਹੋਏ ਲੋਕਾਂ ਚੋਂ ਉਹ ਕਈਆਂ ਨੂੰ ਪਛਾਣਦਾ ਸੀ। ਕੱਥਾ-ਕੀਰਤਨ ਕਰਨ ਵਾਲੀ ਇਕ ਜ਼ਨਾਨੀ ਸੀ। ਉਸ ਜ਼ਨਾਨੀ ਨੂੰ ਵੇਖ-ਵੇਖ ਉਹ ਹੈਰਾਨ ਹੋ ਰਿਹਾ ਸੀ। ਉਹ ਜ਼ਨਾਨੀ ਤਾਂ ਹੰਕਾਰ ਤੇ ਮਾਣ ਨਾਲ ਇੰਨੀ ਆਕੜੀ ਹੋਈ ਸੀ ਕਿ ਲਗਦਾ ਸੀ ਕਿਸੇ ਵੇਲੇ ਵੀ ਭਜ-ਟੁਟ ਕੇ ਚਿਕਨਾਚੂਰ ਹੋ ਜਾਏਗੀ।

ਭਜਨ ਬੰਦਗੀ ਕਰਦੇ ਇਕ ਆਦਮੀ ਦੂਜੇ ਨੂੰ ਸੁਨਾਉਣ ਲਗਾ "ਮੇਰੀ ਹੱਟੀ ਉੱਤੇ ਗਾਹਕੀ ਘਟਦੀ ਪਈ ਸੀ, ਕੰਮ ਬਿਲਕੁਲ ਠੱਪ ਪੈ ਗਿਆ ਸੀ...ਮੈਂ ਆਪਣੀ ਘਰ ਵਾਲੀ ਨੂੰ ਕਿਹਾ ਤੂੰ ਸਜ-ਸੰਵਰ ਕੇ ਸਿਰਫ਼ ਹੱਟੀ ਉੱਤੇ ਬੈਠਿਆ ਕਰ, ਕੁਝ ਗਲ ਵੀ ਨਹੀਂ ਕਰਨੀ...ਬਸ ਸਜ-ਸੰਵਰ ਕੇ ਬੈਠਣਾ ਹੀ ਏ । ਇਹ ਨੁਸਖਾ ਐਸਾ ਕਾਰੀ ਸਿਧ ਹੋਇਆ ਕਿ ਹੁਣ ਗਾਹਕ ਭੁਗਤਾਣ ਨਹੀਂ ਹੁੰਦੇ, ਹਮੇਸ਼ਾਂ ਭੀੜ ਲਗੀ ਰਹਿੰਦੀ ਏ।"

ਦੂਜਾ ਜਿਹੜਾ ਸੁਣ ਰਿਹਾ ਸੀ ਉਸ ਨੇ ਸੁਣਾਇਆ "ਬੜੇ ਚਿਰ ਤੋਂ ਮੇਰੇ ਉੱਤੇ ਮੁਕਦਮਾ ਚਲ ਰਿਹਾ ਸੀ, ਤਰੀਕਾਂ ਉਤੇ ਤਰੀਕਾਂ ਪੈ ਰਹੀਆਂ ਸਨ, ਮੁਕਦਮਾ ਪਿੱਛੇ ਹੀ ਪਿੱਛੇ ਪੈਂਦਾ ਜਾ ਰਿਹਾ ਸੀ। ਚਿੰਤਾ, ਫਿਕਰ ਨਾਲ ਨੀਂਦ ਵੀ ਨਹੀਂ ਸੀ ਆਉਂਦੀ। ਅਖੀਰ ਪੂਜਾ ਪਾਠ ਕਰਵਾਇਆ, ਮਕਾਨ ਵੀ ਦੇ ਦਿਤਾ ਤਾਂ ਕਿਧਰੇ ਮੇਰੇ ਹਕ ਵਿਚ ਫੈਸਲਾ ਹੋਇਆ ਤੇ ਮੁਕਦਮਾ ਜਿਤ ਲਿਆ। ਕੀ ਕਰਦਾ ? ਮਕਾਨ ਸਿਰਫ਼ ਦਸ ਹਜ਼ਾਰ ਦਾ ਸੀ ਤੇ ਮੁਕਦਮਾ ਸੱਠ ਹਜ਼ਾਰ ਦਾ ਜਿਤਿਆ ਸੀ।"

ਅਚਾਨਕ ਸਾਰੇ ਖਲੋਅ ਗਏ। ਆਰਤੀ ਹੋਣ ਲਗੀ ਸੀ। ਆਰਤੀ ਵੇਲੇ ਸਾਰੇ ਹੀ ਬੜੀ ਸ਼ਰਧਾ ਨਾਲ ਹੋਂਠ ਹਿਲਾਂਦੇ ਰਹੇ ਸਨ। ਜਿੰਨਾਂ ਨੂੰ ਆਰਤੀ ਨਹੀਂ ਆਉਂਦੀ ਸੀ ਉਹ ਕੋਟ ਤੇ ਕਮੀਜ਼ਾਂ ਦੇ ਬਟਣ ਬੰਦ ਕਰਦੇ ਰਹੇ ਸਨ।

ਕੱਥਾ ਕੀਰਤਨ ਸਮਾਪਤ ਹੋਇਆ ਤਾਂ ਸਾਰੇ ਲੋਕ ਟੁਰ ਗਏ ਪਰ ਉਹ ਉਥੇ ਬੈਠਾ ਰਿਹਾ। ਇਕ ਅੱਧਖੜ ਜਿਹਾ ਬੰਦਾ ਹਸਦਾ-ਹਸਦਾ ਆਇਆ ਤੇ ਕਹਿਣ ਲਗਾ, ਭਗਤ ਜੀ, ਕੱਥਾ ਕੀਰਤਨ ਤਾਂ ਸਮਾਪਤ ਹੋ ਚੁੱਕਾ ਹੈ। ਹੁਣ ਤੁਸੀਂ ਵੀ ਘਰ ਜਾਉ ਤੇ ਪੇਟ ਨੂੰ ਭੋਗ ਲਗਾਉ।"

"ਭੋਗ...? ਮੈਂ ਤਾਂ ਇਕ ਗੱਲ ਪੁਛਣੀ ਏ।"

"ਇਸ ਵੇਲੇ ਤਾਂ ਬਹੁਤ ਦੇਰ ਹੋ ਗਈ ਏ। ਕਲ ਪੁਛਣਾ" ਅਧਖੜ ਨੇ ਕਿਹਾ।

"ਕਲ ਮੈਂ ਸ਼ਾਇਦ ਘਰੋਂ ਨਾ ਆ ਸਕਾਂ"

"ਦਸੋ ? ਕੀ ਪੁਛਣਾ ਏ ਤੁਸੀਂ ?" ਅਧਖੜ ਬੰਦੇ ਨੇ ਤੰਗ ਪੈਂਦੇ ਕਿਹਾ ।

"ਮੈਂ ਤੁਹਾਡੇ ਤੋਂ ਕੁਝ ਨਹੀਂ ਪੁਛਣਾ...ਉਸ ਜ਼ਨਾਨੀ ਤੋਂ ਪੁਛਣਾ ਏ ।"

ਅਧਖੜ ਬੰਦੇ ਨੂੰ ਗੁਸਾ ਆ ਗਿਆ "ਜ਼ਨਾਨੀ ਨੂੰ ? ਉਸ ਤੋਂ ਤੂੰ ਕੀ ਪੁਛਣਾ ਏ ?"

"ਮੈਂ ਉਸੀ ਨੂੰ ਦਸਾਂਗਾ ।"

"ਉਹ ਕੱਥਾ-ਕੀਰਤਨ ਤੋਂ ਬਾਅਦ ਕਿਸੇ ਨਾਲ ਨਹੀਂ ਮਿਲਦੀ...। ਉਹ ਮੇਰੀ ਧੀ ਏ, ਤੂੰ ਜੋ ਕੁਝ ਪੁਛਣਾ ਏ ਮੈਨੂੰ ਦਸ ।"

"ਤੁਹਾਡੀ ਧੀ ਏ ? ਇਹ ਤਾਂ ਬੜੀ ਸ਼ੁਭ ਗਲ ਏ, ਬੜੀ ਚੰਗੀ ਕਿਸਮਤ ਏ ਤੇਰੀ, ਉਹ ਤਾਂ ਬੜੀ ਪਵਿਤਰ, ਦੈਵੀ ਗੁਣ, ਜੋਤ ਏ । ਮੈਂ ਸਿਰਫ਼ ਇਕੋ ਗੱਲ ਕਰਨੀ ਏ, ਉਸ ਨਾਲ ।"

ਅੱਧਖੜ ਬੰਦੇ ਨੇ ਉਸ ਜ਼ਨਾਨੀ ਨੂੰ ਸਦ ਲਿਆਂਦਾ । ਉਹ ਜ਼ਨਾਨੀ ਆ ਕੇ ਬੈਠ ਗਈ । "ਪੁਛੋ ਜਲਦੀ, ਜੋ ਤੁਸੀਂ ਪੁਛਣਾ ਚਾਹੁੰਦੇ ਹੋ ।" ਕਿਸੇ ਝਮੇਲੇ ਨੂੰ ਟਾਲਣ ਲਈ ਉਸ ਬੰਦੇ ਨੇ ਕਿਹਾ ।

"ਮੈਂ ਪੁਛਣਾ ਏ ਕਿ ਕੱਥਾ, ਕੀਰਤਨ, ਤਪ, ਸਾਧਨਾ, ਯੋਗ, ਧਿਆਨ, ਪੂਜਾ-ਪਾਠ ਦਾ ਸਬੰਧ ਸਰੀਰ ਨਾਲ ਵੀ ਹੈ ?"

"ਹਾਂ ਹੈ, ਸਾਰਾ ਸਬੰਧ ਹੀ ਸਰੀਰ ਨਾਲ ਜੁੜਿਆ ਹੈ ।" ਅੱਧਖੜ ਨੇ ਆਖਿਆ ਤੇ ਜ਼ਨਾਨੀ ਨੇ ਸਿਰਫ਼ 'ਹਾਂ' ਮੁੰਡੀ ਹਿਲਾ ਕੇ ਹੀ ਕੀਤੀ ।

"ਮੈਂ ਤਾਂ ਸੁਣਿਆ ਹੈ ਕਿ ਜਿਸ ਦੀ ਅਸੀਂ ਅਰਾਧਨਾ ਕਰਦੇ ਹਾਂ, ਜਿਸ ਦਾ ਧਿਆਨ ਧਰਦੇ ਹਾਂ, ਉਹ ਤਾਂ ਸਰਬ ਵਿਆਪੀ ਏ ।"

"ਇਹ ਬੀ ਠੀਕ ਏ ਪਰ ਤੁਸੀਂ ਆਪਣਾ ਸੁਆਲ ਕਰੋ" ਬੰਦੇ ਨੇ ਕਿਹਾ ।

"ਮੈਂ ਪੁਛਣਾ ਏ ਕਿ ਜੇ ਉਹ ਹਰ ਥਾਂ ਹਰ ਪਾਸੇ ਮੌਜੂਦ ਹੈ ਤੇ ਇਕੋ ਹੀ ਹੈ ਤਾਂ ਇੰਝ ਰੋਲਾ ਮਚਾਉਣ, ਕੁਰਲਾਹਣ, ਗੱਲੇ ਫਾੜ-ਫਾੜ ਕੇ ਗਾਣ, ਦੁਹਾਈਆਂ ਪਾਣ, ਆਕੜ-ਆਕੜ ਕੇ ਬੈਠਣ ਤੇ ਦੁਕਾਨ ਦਾਰੀ ਸਜਾਉਣ ਦਾ ਕੀ ਮਤਲਬ ਏ ?"

"ਤੂੰ ਕੋਈ ਨਾਸਤਕ ਦਿਸਦਾ ਏਂ । ਮੈਨੂੰ ਪਹਿਲੇ ਹੀ ਸ਼ਕ ਸੀ ਕਿ ਤੂੰ ਕੋਈ ਦੁਸ਼ਟ ਏਂ । ਤੂੰ ਪਰਮਾਤਮਾ ਦਾ ਨਿਰਾਦਰ ਕਰ ਰਿਹਾ ਏਂ । ਭਗਵਾਨ ਕਹਿੰਦੇ ਨੇ ਜਿਹੜਾ ਮੈਨੂੰ ਭੰਡੇਗਾ, ਬੁਰਾ ਭਲਾ ਕਹੇਗਾ ਉਸ ਦਾ ਨਰਕਾਂ ਵਿਚ ਵਾਸਾ ਹੋਏਗਾ" ਅਧਖੜ ਬੰਦੇ ਦੇ ਮੂੰਹੋਂ ਗੁਸੇ ਵਿਚ ਥੁੱਕ ਬਾਹਰ ਡਿਗਣ ਲਗੀ ।

ਉਹ ਮੁਸਕਰਾਇਆ "ਭਗਵਾਨ ਇਹ ਵੀ ਆਖਦਾ ਏ ? ਕਿ ਦੁਕਾਨਾਂ ਉਤੇ ਰਖ ਕੇ ਮੇਰਾ ਵਪਾਰ ਕਰੋ ? ਮੇਰਾ ਨਾਂ ਵੇਚੋ ?"

ਅਧਖੜ ਬੰਦਾ ਲਾਲ ਸੂਹਾ ਹੋ ਗਿਆ, ਆਖਣ ਲਗਾ "ਅਜੇ ਤੀਕ ਭਗਵਤੀ ਨੂੰ ਗੁਸਾ ਨਹੀਂ ਚੜ੍ਹਿਆ । ਇਸੇ ਲਈ ਤੂੰ ਬਚਿਆ ਹੋਇਆਂ ਏ । ਤੂੰ ਨਸ ਜਾ ਇਥੋਂ । ਜੇ ਉਸ ਨੂੰ ਕਰੋਪੀ ਚੜ੍ਹ ਗਈ ਤਾਂ ਤੈਨੂੰ ਭਸਮ ਕਰ ਦੇਏਗੀ ।"

"ਮੈਂ ਭਸਮ ਹੋਣਾ ਚਾਹੁੰਦਾ ਹਾਂ" ਉਸ ਆਖਿਆ ।

ਅਧਖੜ ਦੇ ਘੜੀ ਮੁੜੀ ਕਹਿਣ ਤੇ ਵੀ ਉਹ ਆਪਣੀ ਥਾਂ ਤੋਂ ਨਹੀਂ ਹਿਲਿਆ,

ਉਥੇ ਹੀ ਬੈਠਾ ਰਿਹਾ । ਅਖੀਰ ਉਹ ਭਸਮ ਤਾਂ ਨਹੀਂ ਹੋਇਆ ਪਰ ਚਾਰ ਆਦਮੀਆਂ ਨੇ ਉਸ ਨੂੰ ਚੁਕ ਕੇ ਬੋਰੀ ਵਾਂਗ ਹਾਲ ਚੋਂ ਬਾਹਰ ਸੁਟ ਦਿਤਾ ਤੇ ਜਾਂਦੇ ਜਾਂਦੇ ਆਖਣ ਲਗੇ "ਰਾਤੀ ਮਾਤਾ ਦੀ ਅਰਾਧਨਾ ਕਰ ਕੇ ਸੌਣਾ-ਨਹੀਂ ਤਾਂ ਰਾਤੀ ਮਾਤਾ ਆ ਕੇ ਤੈਨੂੰ ਚੰਗੀ ਤਰ੍ਹਾਂ ਡਰਾਏਗੀ ।"

ਉਹ ਸਾਰੀ ਰਾਤ ਜਾਗਦਾ ਰਿਹਾ ਕਿ ਜੇ ਡਰਾਉਣ ਲਈ ਮਾਤਾ ਆਈ ਤਾਂ ਉਹ ਉਨ੍ਹਾਂ ਦੇ ਦਰਸ਼ਨ ਕਰ ਲਏਗਾ । ਪਰ ਨਾ ਹੀ ਮਾਤਾ ਆਈ ਤੇ ਨਾ ਹੀ ਉਸ ਨੂੰ ਡਰਾਇਆ ! ਇੰਝ ਹੀ ਸਵੇਰ ਹੋ ਗਈ ।

ਗੁਆਂਢ ਵਿਚ ਰੌਲਾ ਸੁਣ ਉਹ ਬਾਹਰ ਨਿਕਲ ਆਇਆ । ਬਹੁਤ ਸਾਰੇ ਲੋਕ ਇਕੱਠੇ ਹੋ ਗਏ ਸਨ ਤੇ ਜ਼ੋਰ ਜ਼ੋਰ ਨਾਲ ਆਪੋ ਆਪਣੀ ਗਲ ਕਰ ਰਹੇ ਸਨ । ਇਕ ਦੂਜੇ ਦੀ ਕੋਈ ਵੀ ਨਹੀਂ ਸੀ ਸੁਣ ਰਿਹਾ । ਉਸ ਨੂੰ ਕੁਝ ਸਮਝ ਨਹੀਂ ਸੀ ਪੈ ਰਹੀ । ਉਸ ਇਕ ਨੂੰ ਪੁਛਿਆ, ਦੂਜੇ ਨੂੰ ਪੁਛਿਆ, ਤੀਜੇ ਨੂੰ ਪੁਛਿਆ ਪਰ ਕਿਸੇ ਨੇ ਉਸ ਨੂੰ ਪਛਾਣਿਆ ਵੀ ਨਾ ।

ਅਚਾਨਕ ਹੀ ਪਲ-ਛਿਣ ਵਿਚ ਹੀ ਚੁੱਪ-ਚਾਪ ਵਰਤ ਗਈ । ਇਕ ਪੁਰਾਣੀ ਜਿਹੀ ਡਿਓਢੀ ਚੋਂ ਇਕ ਜ਼ਨਾਨੀ ਤੇ ਇਕ ਮਰਦ ਜਿਹੜੇ ਪਤੀ ਪਤਨੀ ਦਿਸਦੇ ਸਨ ਬਾਹਰ ਆਏ ।

ਜ਼ਨਾਨੀ ਨੇ ਜ਼ੋਰ ਜ਼ੋਰ ਨਾਲ ਕੁਰਲਾਣਾ ਸ਼ੁਰੂ ਕੀਤਾ "ਇਹ ਆਦਮੀ ਪਾਗ਼ਲ ਹੋ ਗਿਆ ਏ ਤੇ ਸ਼ਹਿਰ ਬਾਰੇ ਬਣੇ ਨਵੇਂ ਕਨੂੰਨ ਤੇ ਨਿਯਮ ਨੂੰ ਤੋੜ ਰਿਹਾ ਏ । ਇਸ ਨੂੰ ਪਾਗ਼ਲ ਖਾਨੇ ਭੇਜਿਆ ਜਾਏ ।"

ਸਾਰਿਆਂ ਨੇ ਜ਼ਨਾਨੀ ਦੀ ਆਵਾਜ਼ ਦੀ ਹਾਮੀ ਭਰੀ "ਹਾਂ, ਇਸ ਨੂੰ ਪਾਗ਼ਲ-ਖਾਨੇ ਭੇਜਿਆ ਜਾਏ । ਇਹ ਪਾਗ਼ਲ ਹੋ ਗਿਆ ਏ ।"

"ਕਿਉਂ ਭੇਜਿਆ ਜਾਏ...? ਕਿਉਂ ਪਾਗਲਖਾਨੇ ਭੇਜਿਆ ਜਾਏ ?" ਉਸ ਨੇ ਅਗੇ ਵਧ ਕੇ ਪੁਛਿਆ ।

"ਇਹ ਆਦਮੀ ਵੀ ਉਸ ਆਦਮੀ ਨਾਲ ਮਿਲ ਗਿਆ ਲਗਦਾ ਏਂ, ਇਸ ਨੂੰ ਬੀ ਗੁਆਂਢ ਚੋਂ ਕਢ ਦਿਉ" ਕੁਝ ਲੋਕਾਂ ਕਿਹਾ ।

"ਪਰ ਕਿਉਂ ? ਹੋਇਆ ਵੀ ਕੀ ਏ ?" ਉਸ ਪੁਛਿਆ ।

"ਹੁਣ ਨਗਰ-ਮੰਥਨ ਤੋਂ ਬਾਅਦ ਨੀਯਮ ਇਹ ਹੈ ਕਿ ਹਰ ਜ਼ਨਾਨੀ, ਹਰ ਕੁੜੀ, ਹਰ ਮੁੰਡਾ, ਆਪਣੇ ਪੈਰੀਂ ਆਪ ਖਲੋਏ । ਤੇ ਜੇਕਰ ਕੋਈ ਨਾ ਖਲੋਅ ਸਕੇ ਤਾਂ ਪੈਰ ਜਾਂ ਲਤਾਂ ਉਧਾਰੀਆਂ ਮੰਗ ਲਏ ਜਾਂ ਕਿਸ਼ਤਾਂ ਉਤੇ ਲੈ ਲਏ । ਪਰ ਇਹ ਆਦਮੀ ਮੇਰੀਆਂ ਹੀ ਲੱਤਾਂ ਮੰਗ ਰਿਹਾ ਏ" ਜ਼ਨਾਨੀ ਨੇ ਆਖਿਆ ।

"ਤੇ ਇਹ ਆਦਮੀ ਜਿਹੜਾ ਇਸ ਦਾ ਪੱਖ ਪੂਰਦਾ ਹੈ ਇਸ ਦੇ ਵੀ ਹੱਥ-ਪੈਰ ਭਜੇ ਹੋਏ ਹਨ। ਇਹ ਦੋਵੇਂ ਹੀ ਗੁਆਂਢ ਵਿਚ ਕਲੰਕ ਹਨ—ਹੁਣ ਫੈਸਲਾ ਕਰੋ।"

ਉਹ ਜਾਣਦਾ ਸੀ ਉਸ ਦੇ ਗੁਆਂਢੀ ਤਮਾਸ਼ਬੀਨ ਸਨ ਤੇ ਕੋਰੇ ਤਮਾਸ਼ਬੀਨ ਹੀ ਨਹੀਂ ਉਨ੍ਹਾਂ ਹਮੇਸ਼ਾਂ ਆਪਣੇ ਪੈਰ ਸਿਰ ਉੱਤੇ ਰਖੇ ਹੋਏ ਹੁੰਦੇ ਹਨ।

ਸਾਰਿਆਂ ਨੂੰ ਜ਼ਨਾਨੀ ਨਾਲ ਹਮਦਰਦੀ ਹੋਈ। ਦੋ ਚਾਰ ਤਾਂ ਜਾਂਦੇ-ਜਾਂਦੇ ਕਹਿ ਵੀ ਗਏ "ਸਹਿਰ ਵਿਚ ਤਾਂ ਕਈ ਜ਼ਨਾਨੀਆਂ ਨੇ ਆਪਣੀਆਂ ਲੱਤਾਂ, ਟੁਰਨ ਲਈ ਮਰਦਾਂ ਨੂੰ ਦੇ ਛਡੀਆਂ ਹਨ। ਤੂੰ ਭੀ ਇਹੋ ਕੰਮ ਕਰ ਲੈ, ਤੇਰੇ ਮਰਦ ਦਾ ਭਲਾ ਵੀ ਹੋ ਜਾਏਗਾ ਤੇ ਉਹ ਪਾਗ਼ਲਖਾਨੇ ਜਾਣ ਤੋਂ ਵੀ ਬੱਚ ਜਾਏਗਾ।"

# 4

ਰਾਤ ਦਾ ਹਨੇਰਾ ਤੇ ਇਕਲਾਪਾ ਉਸ ਨੂੰ ਵਢ ਰਿਹਾ ਸੀ ਉਹ ਇਕਲਾਪੇ ਦੇ ਜ਼ਖ਼ਮਾਂ ਨੂੰ ਕਲਪਨਾ ਤੇ ਵਿਚਾਰਾਂ ਦੇ ਫਾਹੇ ਲਗਾ ਰਿਹਾ ਸੀ। ਕਿਸੇ ਨੇ ਦਰਵਾਜ਼ਾ ਖੜਕਾਇਆ। ਉਹ ਉਂਗਲਾਂ ਦੀ ਆਵਾਜ਼ ਪਛਾਣਦਾ ਸੀ। ਉਂਝ ਹੀ ਬੈਠੇ ਉਸ ਨੇ ਕਿਹਾ "ਆਉ—ਅੰਦਰ ਲੰਘ ਆਉ।"

ਉਸ ਦਾ ਗੁਆਂਢੀ ਆ ਕੇ ਬੈਠ ਗਿਆ। ਕੁਝ ਚਿਰ ਤਾਂ ਦੋਵੇਂ ਚੁੱਪ ਚੁਪੀਤੇ ਰਹੇ। ਫਿਰ ਉਸ ਆਖਿਆ "ਹੁਣ ਇਸ ਸ਼ਹਿਰ ਵਿਚ ਟਿਕੇ ਰਹਿਣਾ ਬੜਾ ਮੁਸ਼ਕਲ ਏ। ਜਾਣ-ਪਛਾਣ ਵਾਲੇ ਆਪਣੇ ਸਾਰੇ ਵੀ ਓਪਰੇ-ਓਪਰੇ ਹੋ ਗਏ ਹਨ। ਉਨ੍ਹਾਂ ਦੇ ਰਹਿਣ ਬਹਿਣ ਦੇ ਤਰੀਕੇ, ਬੋਲ ਚਾਲ ਦਾ ਢੰਗ, ਕਰਮ-ਧਰਮ ਦੇ ਸੰਬੰਧ. ਇਕ ਦੂਜੇ ਨਾਲ ਵਤੀਰਾ-ਵਰਤਾਅ ਸਾਰੇ ਹੀ ਤਾਂ ਬਦਲ ਗਏ ਨੇ। ਸੋਚਦਾਂ ਇਥੋਂ ਨਿਕਲ ਕੇ ਕਿਧਰੇ ਹੋਰ ਡੇਰੇ ਲਗਾਏ ਜਾਣ। ਹੁਣ ਇਸ ਸ਼ਹਿਰ ਵਿਚ ਰਹਿਣਾ ਧਰਮ ਨਹੀਂ।"

"ਇਹ ਕੀ ਸੋਚ ਰਿਹਾ ਏਂ ? ਆਪਣਾ ਸ਼ਹਿਰ ਛਡ ਦੇਏਂਗਾ ? ਆਪਣੀ ਧਰਤੀ ਤਾਂ ਕਦੇ ਵੀ ਨਹੀਂ ਛੁਟਦੀ। ਜਿਥੇ ਜਾਏਂਗਾ ਧਰਤੀ ਤਾਂ ਨਾਲ ਨਾਲ ਹੀ ਟੁਰੇਗੀ !" ਗੁਆਂਢੀ ਨੇ ਆਖਿਆ।

"ਘਟ ਤੋਂ ਘਟ ਲੋਕ ਤਾਂ ਹੋਰ ਹੋਣਗੇ, ਨਵੇਂ ਨਵੇਂ, ਵਖਰੀ ਕਿਸਮ ਦੇ ਲੋਕ ਨਵੇਂ ਨਵੇਂ ਚਿਹਰੇ..."

ਗੁਆਂਢੀ ਨੇ ਨਾ ਕਰਦੇ ਜ਼ੋਰ ਦੀ ਮੁੰਡੀ ਹਿਲਾਈ "ਨਾ ਕੋਈ ਫ਼ਰਕ ਨਹੀਂ ਪੈਣਾ। ਸਰੀਰ ਬੇਸ਼ਕ ਬਦਲ ਜਾਣਗੇ, ਚਿਹਰੇ ਹੋਰ ਹੋਣਗੇ ਪਰ ਰੰਗ-ਢੰਗ ਸਭ ਉਹੀ ਹੋਣਗੇ। ਅੱਖਾਂ ਬਦਲ ਜਾਣਗੀਆਂ ਪਰ ਨਜ਼ਰਾਂ ਤਾਂ ਉਹੀ ਰਹਿਣਗੀਆਂ। ਕਿਉਂ ਨਾ ਅਸੀਂ ਵੀ ਉਹੀ ਵਿਹਾਰ, ਢੰਗ ਅਪਣਾਈਏ ਜਿਵੇਂ ਸਾਰੇ ਕਰਦੇ ਨੇ।"

"ਕੀ ਕਰਦੇ ਨੇ ਸਾਰੇ ?" ਉਸ ਪੁਛਿਆ।

"ਬਹੁਤ ਲੋਕਾਂ ਨੇ ਤਾਂ ਮਖੌਟੇ ਪਾਏ ਹੋਏ ਨੇ" ਗੁਆਂਢੀ ਦਸਿਆ।

"ਮੁਖੌਟੇ ? ਤੇਰਾ ਮਤਲਬ ਏ ਇਸ ਸ਼ਹਿਰ ਵਿਚ ਵਸਣ-ਰਸਣ ਲਈ ਆਪਣਾ ਗੁਣ, ਧਰਮ, ਕੰਮ-ਕਾਜ ਤੇ ਆਪਣੀ ਸੋਚ-ਵਿਚਾਰ ਸਭ ਕੁਝ ਛਡ ਦੇਈਏ ?"

"ਨਹੀਂ, ਨਾ ਕੁਝ ਛਡਣਾ ਹੈ ਨਾ ਕੁਝ ਫੜਨਾ ਹੈ। ਸਿਰਫ਼ ਮੁਖੌਟੇ ਲੈ ਕੇ ਰਖ ਲੈਂਦੇ ਹਾਂ। ਲੋੜ ਪਈ ਤਾਂ ਲਗਾ ਲਏ ਨਹੀਂ ਤਾਂ ਕਿਲੀ ਨਾਲ ਟੰਗ ਦਿਤੇ..."

"ਕਿਥੋਂ ਮਿਲਦੇ ਨੇ ਮੁਖੌਟੇ ?"

"ਨਗਰ-ਮੰਥਨ ਦੇ ਬਾਅਦ, ਨਗਰ ਦੇ ਨਵੇਂ ਨਿਯਮਾਂ ਵਿਚ ਇਹ ਗੱਲ ਵੀ ਫੈਲੀ

ਸੀ ਕਿ ਇੰਝ ਤੇ ਕੰਮ ਵਧਾਉਣਾ ਬੜਾ ਔਖਾ ਏ। ਸ਼ਹਿਰ ਦੇ ਤਰਕੀ-ਵਾਧੇ ਵਿਚ ਰੁਕਾਵਟ ਪੈਣੀ ਏ ਸੋ ਮਖੌਟਿਆਂ ਦਾ ਰਿਵਾਜ ਚਲਾਇਆ ਜਾਏ। ਲੋਕਾਂ ਨੇ ਮਖੌਟੇ ਪਾਏ ਹੋਏ ਨੇ ਤਾਂ ਮਿਲਦੇ ਵੀ ਹੈਨ ਨਾ।"

ਦੂਜੇ ਦਿਨ ਸੂਰਜ ਚੜ੍ਹਦੇ ਹੀ ਗੁਆਂਢੀ ਸੁਨੇਹਾ ਲਿਆਇਆ।

"ਚਲ, ਜਲਦੀ ਕਰ..."

"ਕਿਥੇ ਜਾਣਾ ਏ ?"

"ਮੈਂ ਮੁਖੌਟਿਆਂ ਦੀ ਹਟੀ ਦਾ ਪਤਾ ਲਗਾ ਲਿਆ ਏ।"

"ਹਟੀ ਮਿਲ ਗਈ ਏ ?" ਉਸ ਨੇ ਹੈਰਾਨ ਹੁੰਦੇ ਪੁਛਿਆ।

"ਹਾਂ, ਉਥੇ ਹਰ ਤਰ੍ਹਾਂ ਦੇ ਮੁਖੌਟੇ ਮਿਲ ਸਕਦੇ ਨੇ। ਨਕਦ ਵੀ, ਤੇ ਆਸਾਨ ਕਿਸਤਾਂ ਤੇ ਵੀ।"

"ਕਿਸ਼ਤਾਂ ਉਤੇ ਮੁਖੌਟੇ ?" ਉਹ ਸੋਚ ਵਿਚ ਡੁਬ ਗਿਆ। "ਸ਼ਹਿਰ ਵਿਚ ਬਹੁਤ ਕੁਝ ਕਿਸ਼ਤਾਂ ਉੱਤੇ ਮਿਲ ਸਕਦਾ ਸੀ। ਨੇਕੀ ਤੇ ਬਦੀ ਵੀ ਦੋਵੇਂ ਕਿਸ਼ਤਾਂ ਉੱਤੇ ਮਿਲ ਸਕਦੀਆਂ ਸਨ। ਮਨੁੱਖ ਤੇ ਉਸ ਦੀਆਂ ਕਰਤੂਤਾਂ ਵੀ ਕਿਸ਼ਤੇ ਉੱਤੇ ਮਿਲ ਸਕਦੀਆਂ ਸਨ ਤੇ ਹੁਣ ਮੁਖੌਟੇ ਵੀ ਕਿਸ਼ਤਾਂ ਉਤੇ ਮਿਲਣ ਲਗ ਪਏ ਨੇ ?"

ਉਹ ਸ਼ਹਿਰ ਵਲ ਜਾਣ ਵਾਲਾ ਰਸਤਾ ਛਡ ਕੇ ਬਾਹਰ ਵਾਲੀ ਸੜਕ ਉਤੇ ਤੇਜ਼ ਤੇਜ਼ ਕਦਮੀਂ ਟੁਰਨ ਲਗ ਪਏ। ਉਹ ਥਾਂ ਉਨ੍ਹਾਂ ਪਹਿਲਾਂ ਨਹੀਂ ਸੀ ਵੇਖੀ, ਸ਼ਹਿਰ ਤੋਂ ਬਿਲਕੁਲ ਬਾਹਰ ਸੀ। ਥਾਂ ਦੇ ਤਿੰਨ ਪਾਸੇ ਉਚੀਆਂ-ਉਚੀਆਂ, ਰੰਗ-ਬਿਰੰਗੀਆਂ, ਆਕਾਸ਼ ਨੂੰ ਛੂੰਹਦੀਆਂ ਸੋਹਣੀਆਂ ਸੋਹਣੀਆਂ ਇਮਾਰਤਾਂ ਸਨ। ਵਿਚਕਾਰ ਵਡਾ ਸਾਰਾ ਮੈਦਾਨ ਸੀ ਜਿਸ ਵਿਚ ਅਨੇਕਾਂ ਲੋਕ ਲਾਈਨਾਂ ਵਿਚ ਲਗੇ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਸਨ। ਦੂਰ ਦੂਰ ਤੀਕ ਲਾਈਨਾਂ ਵਿਚ ਸੱਪ ਵਾਂਗ ਵਲ ਵਲੇਂਗਣੇ ਪਏ ਸਨ। ਸਾਰੇ ਲੋਕ ਬੜੀ ਸ਼ਾਂਤੀ ਨਾਲ ਚੁਪ-ਚਾਪ ਖਲੋਤੇ ਸਨ। ਕਮਾਲ ਦੀ ਗੱਲ ਤਾਂ ਇਹ ਸੀ ਕਿ ਉਥੇ ਕੋਈ ਵੀ ਇੰਤਜ਼ਾਮ ਕਰਨ ਵਾਲਾ ਬੰਦਾ ਨਹੀਂ ਸੀ। ਵੈਸੇ ਜਿਥੇ ਵੀ ਦੋ ਚਾਰ ਆਦਮੀ ਇਕੱਠੇ ਹੋਣ ਉਥੇ ਇੰਤਜ਼ਾਮ ਕਰਨ ਵਾਲੇ ਦੀ ਲੋੜ ਪੈਂਦੀ ਹੈ। ਸਾਰੇ ਹੀ ਲਾਈਨ ਵਿਚ ਖਲੋਤੇ ਹੌਲੀ ਹੌਲੀ ਗੱਲਾਂ ਕਰਦੇ ਸਨ। ਉਹ ਦੋਹੇਂ ਬੀ ਇਕ ਲਾਈਨ ਵਿਚ ਪਿਛੇ ਖਲੋਅ ਗਏ।

"ਦੋਸਤ, ਇਥੇ ਤਾਂ ਵਾਰੀ ਆਉਣੀ ਮੁਸ਼ਕਲ ਲਗਦੀ ਏ।" ਉਸ ਨੇ ਨਿਮੋਝੂਣ ਹੁੰਦੇ ਕਿਹਾ।

"ਲਗਦਾ ਤਾਂ ਇਹੀ ਏ, ਪਰ ਕੁਝ ਹਾਸਲ ਕਰਨ ਲਈ ਸਬਰ, ਸੰਤੋਖ ਦੀ ਵੀ ਲੋੜ ਹੁੰਦੀ ਏ ।"

ਕੁਝ ਚਿਰ ਚੁੱਪ ਰਹਿ ਕੇ ਉਸ ਦੇ ਗੁਆਂਢੀ ਨੇ ਆਪਣੇ ਅਗੇ ਖਲੋਤੇ ਹੋਏ ਆਦਮੀ ਨੂੰ ਪੁਛਿਆ "ਭਰਾ ਜੀ, ਇਥੇ ਮੁਖੌਟਿਆਂ ਦੇ ਕੀ ਮੁਲ ਨੇ ?"

"ਮੁਲ ?" ਉਸ ਨੇ ਬੜੇ ਵਪਾਰੀ ਢੰਗ ਨਾਲ ਕਿਹਾ "ਬਹੁਤ ਮਹਿੰਗੇ ਹਨ,ਕਿਸ਼ਤਾਂ ਤੇ ਵੀ ਮਿਲਦੇ ਹਨ । ਜਿਹੋ ਜਿਹਾ ਮੁਖੌਟਾ ਉਹੋ ਜਿਹੀ ਹੀ ਕਿਸ਼ਤ । ਪਰ ਤੁਸਾਂ ਪਹਿਲੇ ਫਾਰਮ ਨਹੀਂ ਭਰੇ ਲਗਦੇ ।"

"ਫਾਰਮ...? ਕਿਹੇ ਫਾਰਮ ?" ਗੁਆਂਢੀ ਨੇ ਪੁਛਿਆ ।

"ਤੁਸੀਂ ਪਹਿਲੇ ਉਸ ਇਮਾਰਤ ਵਿਚ ਜਾਉ, ਫਾਰਮ ਲਉ ਤੇ ਪੂਰਾ ਭਰੋ ।" ਅਗੇ ਖਲੋਤੇ ਆਦਮੀ ਨੇ ਅਸਮਾਨੀ ਰੰਗ ਦੀ ਇਮਾਰਤ ਵਲ ਇਸ਼ਾਰਾ ਕੀਤਾ ।

ਉਹ ਦੋਵੇਂ ਲਾਈਨ ਵਿਚੋਂ ਨਿਕਲ ਕੇ ਇਮਾਰਤ ਵਲ ਗਏ । ਇਮਾਰਤ ਦੀਆਂ ਚਾਰ ਛੱਤਾਂ ਸਨ । ਹੇਠਲੀ ਛੱਤ ਤੋਂ ਪਤਾ ਲਗਾ ਕਿ ਫਾਰਮ ਉਤਲੀ ਛੱਤ ਤੋਂ ਮਿਲਣਗੇ । ਦੂਜੀ ਛੱਤ ਪੁਜੇ ਤਾਂ ਤੀਸਰੀ ਛੱਤ ਬਾਰੇ ਪਤਾ ਲਗਾ । ਉਹ ਦੋਵੇਂ ਪੌੜੀਆਂ ਚੜ੍ਹਦੇ ਗਏ ਤੇ ਨਾਲ ਇਮਾਰਤ ਦੀ ਸਾਜ-ਸਜਾਵਟ ਵੇਖ ਹੈਰਾਨ ਹੁੰਦੇ ਰਹੇ । ਉਨ੍ਹਾਂ ਪਹਿਲਾਂ ਕਦੇ ਵੀ ਇਹੋ ਜਿਹੇ ਘਰ, ਇਹੋ ਜਿਹਾ ਸਵਰਗ ਨਹੀਂ ਸੀ ਵੇਖਿਆ ਹੋਇਆ । ਉਸ ਇਮਾਰਤ ਵਿਚ ਕੰਮ ਕਰਨ ਵਾਲੇ ਸਾਰਿਆਂ ਨੇ ਮੁਖੌਟੇ ਪਾਏ ਹੋਏ ਸਨ ਤੇ ਅਸਲ ਚਿਹਰੇ ਛੁਪੇ ਹੋਏ ਸਨ । ਇਕ ਹੋਰ ਗੱਲ ਜਿਹੜੀ ਉਸ ਨੂੰ ਜ਼ਿਆਦਾ ਅੱਖਰ ਰਹੀ ਸੀ ਕਿ ਸਾਰੇ ਹੀ ਕੰਮ ਕਰਦੇ ਲੋਕ ਕੁਝ ਬੇ-ਪੜਦੇ ਜਿਹੇ ਸਨ, ਢੰਗ ਨਾਲ ਕਪੜੇ ਵੀ ਨਹੀਂ ਸੀ ਪਾਏ ਹੋਏ ।

ਅਖ਼ੀਰ ਚੌਥੇ ਛੱਤ ਚੜ੍ਹਦੇ ਉਸ ਨੇ ਗੁਆਂਢੀ ਨੂੰ ਕਿਹਾ "ਦੋਸਤ । ਹੋਰ ਤਾਂ ਸਭ ਕੁਝ ਠੀਕ ਹੀ ਏ ਪਰ ਇੰਨਾਂ ਸਾਰਿਆਂ ਦਾ ਬੇ ਪੜਦੇ ਜਿਹੇ ਹੋਣਾ ਮੈਨੂੰ ਚੰਗਾ ਨਹੀਂ ਲਗਾ ।"

ਗੁਆਂਢੀ ਹੋਲੀ ਜਿਹੀ ਹਸਿਆ ! "ਚਿਹਰਾ ਤੇ ਅੱਖਾਂ ਦਿਸਣ ਤਾਂ ਹੀ ਪਤਾ ਲਗਦਾ ਏ ਕਿ ਨੰਗਾ ਕੌਣ ਏ ਤੇ ਢਕਿਆ ਕੌਣ । ਕੌਣ ਪੜਦੇ ਵਾਲਾ ਏ ਤੇ ਕੌਣ ਬੇ-ਪੜਦਾ । ਸਾਰਿਆਂ ਨੇ ਚਿਹਰੇ ਤੇ ਅੱਖਾਂ ਛੁਪਾਈਆਂ ਹੋਈਆਂ ਨੇ । ਇਕ ਦੂਜੇ ਨੂੰ ਕੀ ਪਤਾ ਲਗਦਾ ਹੈ ਕਿ ਕੌਣ ਏ ?"

ਚੌਥੇ ਛੱਤ ਪੁਜੇ ਤਾਂ ਇਕ ਆਦਮੀ ਨੇ ਨੀਵੇਂ ਹੋ ਕੇ ਬੜੇ ਆਦਰ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਤੇ ਕਮਰੇ ਅਗੋਂ ਪੜਦਾ ਪਿੱਛੇ ਹਟਾਇਆ । ਉਹ ਦੋਹੇਂ ਅੰਦਰ ਚਲੇ ਗਏ । ਵਡੇ ਸਾਰੇ ਸ਼ੀਸ਼ੇ ਦੇ ਮੇਜ਼ ਅਗੇ ਬੈਠਾ ਇਕ ਆਦਮੀ ਕਾਗਜ਼ ਫਰੋਲਦਾ ਪਿਆ ਸੀ । ਉਨ੍ਹਾਂ ਨੂੰ ਵੇਖਦੇ ਹੀ ਉਸ ਸਾਰੇ ਕਾਗਜ਼ ਇਕ ਪਾਸੇ ਰਖ ਦਿਤੇ ਤੇ ਉਨ੍ਹਾਂ ਨੂੰ ਪੁਛਿਆ "ਤੁਸਾਂ ਸ਼ਰਤਾਂ ਭਰਨ ਵਾਲੇ ਫ਼ਾਰਮ ਲੈਣੇ ਨੇ ?"

"ਹਾਂ ਜੀ ਫਾਰਮ ਭਰਨੇ ਨੇ, ਅਸੀਂ ਦੋਹੇਂ ਸਿਧੇ ਹੀ ਮੁਖੌਟੇ ਲੈਣ ਵਾਲੀ ਲਾਈਨ ਵਿਚ ਖਲੋਅ ਗਏ ਸਾਂ । ਕਿਸੇ ਦਸਿਆ ਕਿ ਪਹਿਲੇ ਤਾਂ ਫਾਰਮ ਭਰਨੇ ਜ਼ਰੂਰੀ ਨੇ ।"

"ਹਾਂ, ਪਹਿਲਾਂ ਫ਼ਾਰਮ ਭਰਨੇ ਜ਼ਰੂਰੀ ਨੇ।" ਮੇਜ਼ ਦੁਆਲੇ ਬੈਠੇ ਆਦਮੀ ਨੇ ਕਿਹਾ। "ਤੁਹਾਨੂੰ ਇਹ ਵੀ ਜ਼ਰੂਰ ਦਸਣਾ ਪਏਗਾ ਕਿ ਤੁਸੀਂ ਮੁਖੌਟੇ ਕਿਉਂ ਲਗਾਣਾ ਚਾਹੁੰਦੇ ਹੋ ?"

ਕੁਝ ਚਿਰ ਤਾਂ ਦੋਵੇਂ ਸੋਚਦੇ ਰਹੇ ਕਿ ਇਸ ਸੁਆਲ ਦਾ ਜੁਆਬ ਤਾਂ ਸੋਚਿਆ ਹੀ ਨਹੀਂ ਸੀ ਕਿ "ਅਸੀਂ ਮੁਖੌਟੇ ਕਿਉਂ ਲਗਾਣਾ ਚਾਹੁੰਦੇ ਹਾਂ।"

ਉਸ ਦੇ ਗੁਆਂਢੀ ਦੇ ਝਕਦੇ-ਝਕਦੇ ਜੁਆਬ ਦਿਤਾ "ਜੀ ਇਸ ਲਈ ਕਿ ਅਸੀਂ ਵੀ ਇਸ ਸ਼ਹਿਰ ਦੇ ਲੋਕਾਂ ਵਿਚ ਰਲ ਮਿਲ ਕੇ ਰਹਿਣਾ ਚਾਹੁੰਦੇ ਹਾਂ। ਤੁਹਾਨੂੰ ਤਾਂ ਪਤਾ ਹੀ ਹੋਣਾ ਏ ? ਆਖਦੇ ਨੇ ਨਾ ਜੈਸਾ ਦੇਸ਼-ਵੈਸਾ ਭੇਸ।"

'ਹੋਰ ਬੀ ਇਕ ਗੱਲ ਹੈ। ਜਿਹੜਾ ਆਦਮੀ ਸ਼ਹਿਰ ਦੀ ਭਲਾਈ ਤੇ ਤਰੱਕੀ ਲਈ ਸੋਚਦਾ ਹੈ ਉਸ ਨੂੰ ਮਖੌਟੇ ਦੀ ਲੋੜ ਜ਼ਿਆਦਾ ਪੈਂਦੀ ਹੈ। ਉਹ ਲੋਕਾਂ ਦੀ ਭਲਾਈ ਤੇ ਚੰਗਿਆਈ ਲਈ ਮੁਖੌਟਾ ਪਾ ਕੇ ਆਪਣੀਆਂ ਕਮਜ਼ੋਰੀਆਂ ਤੇ ਬੁਰਿਆਈਆਂ ਬੜੀ ਅਸਾਨੀ ਨਾਲ ਛੁਪਾ ਸਕਦਾ ਹੈ। ਜੇ ਲੋਕਾਂ ਨੂੰ ਉਸ ਦੀਆਂ ਕਮਜ਼ੋਰੀਆਂ ਬਾਰੇ ਪਤਾ ਲਗ ਜਾਏ ਤਾਂ ਲੋਕ ਉਸ ਦਾ ਕਹਿਣਾ ਨਹੀਂ ਮੰਨਦੇ। ਉਸ ਦੀ ਪਰਵਾਹ ਵੀ ਨਹੀਂ ਕਰਦੇ। ਉਂਝ ਤਾਂ ਹਰ ਆਦਮੀ ਵਿਚ ਕੋਈ ਨਾ ਕੋਈ ਕਮਜ਼ੋਰੀਆਂ ਹੁੰਦੀਆਂ ਹਨ ਪਰ ਜਿਸ ਨੇ ਦੂਜਿਆਂ ਦੀ ਭਲਾਈ ਲਈ ਕੁਝ ਕਰਨਾ ਹੋਏ ਉਸ ਨੂੰ ਆਪਣੇ ਪਾਪ ਤੇ ਕਮਜ਼ੋਰੀਆਂ ਛੁਪਾਣੀਆਂ ਪੈਂਦੀਆਂ ਹਨ।

"ਤੁਸਾਂ ਤਾਂ ਬੜੀ ਚੰਗੀ ਗੱਲ ਕਹੀ ਏ ? ਆਦਮੀ ਤਾਂ ਗ਼ਲਤੀਆਂ ਦਾ ਪੁਤਲਾ ਏ, ਜੇਕਰ ਉਸ ਵਿਚ ਕਮਜ਼ੋਰੀਆਂ ਜਾਂ ਗ਼ਲਤੀਆਂ ਨਾ ਹੋਣ ਤਾਂ ਉਹ ਦੇਵਤਾ ਬਣ ਜਾਏ। ਪਰਮੇਸ਼ਵਰ ਬਣ ਜਾਏ।" ਗੁਆਂਢੀ ਨੇ ਕਿਹਾ।

"ਹੁਣ ਤੁਸੀਂ ਦਸੋ ਕਿ ਤੁਹਾਨੂੰ ਕਿਹੜੀ ਕਿਸਮ ਦੇ ? ਕਿਹੋ ਜਿਹੇ ? ਮੁਖੌਟੇ ਚਾਹੀਦੇ ਨੇ।"

"ਇਥੇ ਕਿੰਨੀਆਂ ਕਿਸਮਾਂ ਦੇ ਮੁਖੌਟੇ ਮਿਲ ਸਕਦੇ ਨੇ ? ਉਸ ਦੇ ਗੁਆਂਢੀ ਨੇ ਪੁਛਿਆ।

"ਬੜੀਆਂ ਕਿਸਮਾਂ ਨੇ, ਸਭ ਤੋਂ ਉਚੀ ਕਿਸਮ ਦੇ ਲੋਕਾਂ ਦੇ ਮੁਖੌਟੇ, ਦਰਮਿਆਨੇ ਤੇ ਸਭ ਤੋਂ ਘਟੀਆ ਵੀ। ਔਹ ਲਉ ਫ਼ਾਰਮ ਤੇ ਜਿਹੋ ਜਿਹਾ ਮੁਖੌਟਾ ਚਾਹੀਦਾ ਏ, ਉਸ ਦੇ ਅਗੇ ਨਿਸ਼ਾਨ ਲਗਾ ਦਿਉ।" ਮੇਜ ਅਗੇ ਬੈਠੇ ਆਦਮੀ ਨੇ ਕਿਹਾ।

ਦੋਹਾਂ ਨੇ ਫ਼ਾਰਮ ਫੜ ਲਏ ਤੇ ਪੁਛਿਆ "ਸਭ ਤੋਂ ਉੱਚੇ ਤੇ ਵਧੀਆ ਕਿਸਮ ਦੇ ਮੁਖੌਟੇ ਦੀ ਕੀ ਕਿਸ਼ਤ ਏ ?"

ਸਭ ਤੋਂ ਕੀਮਤੀ ਮੁਖੌਟੇ ਤਾਂ ਸਾਡੇ ਕੋਲ ਬਹੁਤ ਘਟ ਹਨ। ਉਨ੍ਹਾਂ ਦੀ ਕਿਸ਼ਤ ਤਾਂ ਕੋਈ ਨਹੀਂ ਪਰ ਤੁਹਾਨੂੰ ਉਸ ਦੇ ਬਦਲੇ ਕੁਝ ਚੀਜ਼ ਗਿਰਵੀ ਰਖਣੀ ਪੈਣੀ ਏ' ਮੇਜ਼ ਵਾਲੇ ਆਦਮੀ ਨੇ ਕਿਹਾ।

"ਕੀ ਚੀਜ਼ ਗਹਿਣੇ ਰਖਣੀ ਪੈਣੀ ਏ ਸ ਨੂੰ ?" ਉਸ ਪੁਛਿਆ।

"ਮਖੌਟੇ ਦੀ ਥਾਂ ਤੁਹਾਨੂੰ ਆਪਣਾ ਦਿਮਾਗ਼ ਗਿਰਵੀ ਰਖਣਾ ਪੈਣਾ ਏ।"

"ਦਿਮਾਗ਼ ? ਉਸ ਨੂੰ ਕਾਂਬਾ ਛਿੜ ਗਿਆ। ਦਿਮਾਗ਼ ਗਹਿਣੇ ਪਾਣਾ ਪੈਣਾ ਏ ?"

"ਹਾਂ...ਹਾਂ.. ਦਿਮਾਗ।" ਮੇਜ਼ ਵਾਲੇ ਨੇ ਚਿੱਥ-ਚਿੱਥ ਕੇ ਆਖਿਆ।

"ਪਸ਼ੂ ਤੇ ਆਦਮੀ ਵਿਚ ਇਕੋ ਹੀ ਤਾਂ ਬੁਨਿਆਦੀ ਫਰਕ ਏ ਕਿ ਪਸ਼ੂ ਦਾ ਦਿਮਾਗ ਨਹੀਂ ਤੇ ਆਦਮੀ ਕੋਲ ਦਿਮਾਗ ਏ। ਜੇ ਦਿਮਾਗ ਵੀ ਗਿਰਵੀ ਰਖ ਦਿਤਾ ਜਾਏ ਤਾਂ ਆਦਮੀ ਫਿਰ ਪਸ਼ੂ ਹੀ ਹੋ ਗਿਆ।" ਉਸ ਨੇ ਸੋਚਿਆ।

"ਹੋਰ ਕਿਸਮ ਦੇ ਮਖੌਟਿਆਂ ਲਈ ਕੀ ਕੀ ਗਿਰਵੀ ਰਖਣਾ ਪੈਂਦਾ ਏ ?" ਗੁਆਂਢੀ ਨੇ ਪੁਛਿਆ।

"ਹੋਰ ਮਖੌਟੇ ਉਸ ਤੋਂ ਹਲਕੇ ਹਨ। ਕਿਸੇ ਲਈ ਅਸੀਂ ਅੱਖਾਂ ਗਿਰਵੀ ਰਖ ਲੈਂਦੇ ਹਾਂ। ਕਿਸੇ ਮਖੌਟੇ ਲਈ ਕੰਨ ਵੀ ਗਿਰਵੀ ਰਖ ਸਕਦੇ ਹੋ। ਭਾਵਨਾਵਾਂ, ਅਹਿਸਾਸ, ਕਲਪਨਾ, ਹੰਕਾਰ, ਈਰਖਾ ਤੇ ਆਕੜ ਵਗ਼ੈਰਾ ਵੀ ਗਿਰਵੀ ਰਖੇ ਜਾ ਸਕਦੇ ਹਨ। ਹੁਣ ਤੁਸੀਂ ਫਾਰਮ ਭਰੋ। ਸਾਰਾ ਬਿਓਰਾ ਇਥੇ ਹੀ ਲਿਖਿਆ ਹੋਇਆ ਏ। ਤੁਸੀਂ ਸਿਰਫ਼ ਨਿਸ਼ਾਨੀ ਲਗਾ ਕੇ ਆਪਣੇ ਦਸਤਖ਼ਤ ਹੀ ਕਰਨੇ ਹਨ।" ਮੇਜ਼ ਦੁਆਲੇ ਬੰਦੇ ਨੇ ਇਵੇਂ ਕਿਹਾ ਜਿਵੇਂ ਇਮਾਰਤ ਬਣਾਉਣ ਲਈ ਪੱਥਰ ਭਰਨੇ ਹੋਣ। "ਜਲਦੀ ਭਰੋ।"

"ਸਾਹਬ ਜੀ ! ਤੁਸੀਂ ਸੋਚਣ ਲਈ ਵੀ ਥੋੜਾ ਸਮਾਂ ਦੇਂਦੇ ਹੁੰਦੇ ਹੋ ?" ਉਸ ਪੁਛਿਆ।

"ਜ਼ਰੂਰ ਜਿੰਨਾ ਮਰਜ਼ੀ ਸੋਚੋ।" ਜਦੋਂ ਮਰਜ਼ੀ ਫਾਰਮ ਦੇ ਜਾਣਾ, ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲਉ।

ਦੋਹੇਂ ਉੱਠ ਕੇ ਟੁਰਨ ਲਗੇ। ਦੋਹੇਂ ਦਰਵਾਜ਼ੇ ਤੀਕ ਪੁਜਣ ਹੀ ਲਗੇ ਸਨ ਕਿ ਮੇਜ਼ ਵਾਲੇ ਨੇ ਕਿਹਾ "ਜੇ ਮੁਖੌਟਾ ਲੈਣ ਦੀ ਸਲਾਹ ਨਾ ਬਣੇ ਤਾਂ ਇਹ ਫਾਰਮ ਵਾਪਸ ਕਰ ਜਾਣਾ। ਇਹ ਫਾਰਮ ਥੋੜੇ ਜਿਹੇ ਹੀ ਗਿਣਤੀ ਦੇ ਹੁੰਦੇ ਹਨ।"

ਦੋਹੇਂ ਝਟ-ਪਟ ਪੌੜੀਆਂ ਉਤਰ ਹੇਠਾਂ ਆ ਗਏ। ਕਈ ਲੋਕ ਮੁਖੌਟੇ ਲੈ ਕੇ ਵਾਪਸ ਪਰਤ ਰਹੇ ਸਨ। ਵਧੀਆ ਮਖੌਟੇ, ਦਰਮਿਆਨੇ ਤੇ ਘਟੀਆ ਵੀ। ਦੋਹੇਂ ਕਿੰਨਾਂ ਚਿਰ ਜਾਂਦੇ ਹੋਏ ਲੋਕਾਂ ਨੂੰ ਵੇਖਦੇ ਰਹੇ। ਫਿਰ ਉਸ ਦੇ ਗੁਆਂਢੀ ਨੇ ਇਕ ਆਦਮੀ ਨੂੰ ਕੋਲ ਸਦ ਕੇ ਆਖਿਆ "ਇਹ ਮਖੌਟਾ ਤਾਂ ਬੜਾ ਵਧੀਆ ਏ, ਪਰ ਤੂੰ ਇਸ ਲਈ ਕੀ ਗਿਰਵੀ ਰਖਿਆ ਏ ?"

ਉਹ ਆਦਮੀ ਗੰਭੀਰ ਹੋ ਗਿਆ "ਮੈਨੂੰ ਮੇਰੀ ਘਰ ਵਾਲੀ ਹਮੇਸ਼ਾਂ ਆਖਦੀ ਸੀ ਕਿ ਮੈਂ ਦਿਮਾਗ਼ ਕਿਸੇ ਕੰਮ ਲਈ ਨਹੀਂ ਲਗਾਂਦਾ। ਸੋ ਮੈਂ ਹੁਣ ਆਪਣਾ ਦਿਮਾਗ ਗਿਰਵੀ ਰਖ ਦਿਤਾ ਏ। ਹੁਣ ਉਸ ਖੁਸ਼ ਹੋ ਜਾਣਾ ਏ" ਤੇ ਉਹ ਅਗੇ ਟੁਰ ਪਿਆ।

ਦੋਹੇਂ ਥੋੜਾ ਅਗੇ ਵਧੇ। ਇਕ ਆਦਮੀ ਜ਼ੋਰੋ-ਜ਼ੋਰੀ ਉਨ੍ਹਾਂ ਦੋਹਾਂ ਵਿਚਾਲੇ ਆ ਵੜਿਆ। ਉਸ ਨੇ ਆਪਣੇ ਤੋਂ ਵੀ ਵਡਾ ਮੁਖੌਟਾ ਪਾਇਆ ਸੀ।

'ਤੂੰ ਸਾਡੇ ਵਿਚ ਧਸ ਕੇ ਕੀ ਆਖਣਾ ਚਾਹੁੰਦਾ ਏਂ" ? ਉਸ ਪੁਛਿਆ।

"ਮੈਂ ਤੁਸਾਂ ਨੂੰ ਆਪਣਾ ਮਖੌਟਾ ਦਸਣਾ ਚਾਹੁੰਦਾ ਸਾਂ।"

'ਕਿਉਂ ਦਸਣਾ ਚਾਹੁੰਦਾ ਏਂ ?"

"ਇਸ ਲਈ ਜੇ ਤੁਸੀਂ ਤਾਂ ਮੈਨੂੰ ਬੜਾ ਛੋਟਾ ਆਦਮੀ ਸਮਝਦੇ ਹੋ। ਮੁਖੌਟਾ ਚੜ੍ਹਾ

ਕੇ ਮੈਂ ਜ਼ਰੂਰ ਹੀ ਤੁਹਾਨੂੰ ਵਡਾ ਆਦਮੀ ਦਿਸਦਾ ਹੋਵਾਂਗਾ।" ਕੁਝ ਕਦਮ ਉਹ ਆਦਮੀ ਬੁੜ-ਬੁੜ ਕਰਦਾ ਉਨ੍ਹਾਂ ਦੇ ਨਾਲ ਟੁਰਦਾ ਰਿਹਾ ਤੇ ਫ਼ਿਰ ਵਖਰਾ ਹੋ ਗਿਆ।

ਜਿਸ ਵੇਲੇ ਉਹ ਉਸ ਦੁਰਾਹੇ ਉੱਤੇ ਪਹੁੰਚੇ ਜਿਥੋਂ ਅਸਲ ਪੁਰਾਣਾ ਸ਼ਹਿਰ ਸ਼ੁਰੂ ਹੁੰਦਾ ਸੀ। ਜਿਥੇ ਖਲੋਤੇ ਪੁਰਾਣੇ ਖੰਡਰ ਸ਼ਹਿਰ ਜਾਣ ਵਾਲੇ ਨੂੰ "ਜੀ ਆਇਆਂ ਨੂੰ" ਆਖਦੇ ਸਨ। ਉਸ ਨੇ ਆਪਣੇ ਗੁਆਂਢੀ ਨੂੰ ਆਖਿਆ "ਚੰਗਾ ਹੋਇਆ ਅਸੀਂ ਮੁਖੌਟੇ ਨਹੀਂ ਲਏ। ਮੈਨੂੰ ਤਾਂ ਉਹ ਇਮਾਰਤਾਂ, ਵਡੀਆਂ ਵਡੀਆਂ ਅਕਾਸ਼ ਛੂੰਹਦੀਆਂ ਇਮਾਰਤਾਂ ਵਿਚ ਦਾ ਸਾਰਾ ਵਾਪਾਰ, ਕੰਮ ਧੰਧਾ ਬੜਾ ਖ਼ਰਾਬ ਲਗਾ ਸੀ, ਬਿਲਕੁਲ ਚੰਗਾ ਨਹੀਂ ਲਗਾ।

ਸ਼ਾਮ ਦਾ ਸੂਰਜ, ਢਲਣ ਤੋਂ ਪਹਿਲਾਂ, ਲਾਲ ਸੁਰਖ ਹੋਇਆ ਬੜੇ ਗੁਸੇ 'ਚ ਲਗ ਰਿਹਾ ਸੀ। ਉਹ ਆਪਣੇ ਕੋਠੇ ਉਤੇ ਖਲੋਤਾ ਪੁੱਠੇ ਲਟਕੇ ਖਾਲੀ ਆਕਾਸ਼ ਵਲ ਵੇਖ ਰਿਹਾ ਸੀ ਜਿਸ ਚੋਂ ਸੂਰਜ ਦੂਜੇ ਪਾਸੇ ਡਿਗ ਗਿਆ ਸੀ। ਅਚਾਨਕ ਹੀ ਇਕ ਓਪਰਾ ਜਿਹਾ ਬੰਦਾ ਉਸ ਦੇ ਸਾਹਮਣੇ ਆ ਕੇ ਖਲੋਅ ਗਿਆ ਤੇ ਇਕੋ ਟੱਕ ਉਸ ਵਲ ਵੇਖਣ ਲਗਾ।

"ਕੀ ਵੇਖ ਰਿਹਾ ਏਂ...ਤੂੰ" ਉਸ ਪੁਛਿਆ।

"ਤੈਨੂੰ ਵੇਖ ਰਿਹਾ ਹਾਂ, ਹੋਰ ਕੀ ?" ਓਪਰੇ ਆਦਮੀ ਨੇ ਕਿਹਾ।

"ਕੀ ਵੇਖ ਰਿਹਾ ਏਂ ?"

"ਇਸ ਲਈ ਕਿ ਤੂੰ ਮੈਨੂੰ ਪਛਾਣ ਸਕਦਾ ਏਂ ਕਿ ਨਹੀਂ ?"

"ਤੂੰ...? ਮੈਂ ਤਾਂ ਤੈਨੂੰ ਨਹੀਂ ਪਛਾਣਿਆ।" ਉਸ ਧਿਆਨ ਨਾਲ ਵੇਖਿਆ।

"ਮੈਂ ਇਸ ਸ਼ਹਿਰ ਦਾ ਸਭ ਤੋਂ ਵਡਾ ਦਾਨਸ਼ਵਰ, ਸਮਾਜ ਸੇਵਕ ਤੇ ਸਾਹਿਤਕਾਰ ਹਾਂ।"

ਉਹ ਹੈਰਾਨ ਹੋਇਆ ਤੇ ਕਿਹਾ "ਤੂੰ ਜ਼ਰੂਰ ਹੋਏਂਗਾ। ਪਰ ਇਹ ਗਲ ਤੂੰ ਆਪਣੇ ਆਪ ਕਹਿ ਕੇ ਹਲਕਾ ਕਿਉਂ ਪੈ ਰਿਹਾ ਏਂ ?"

"ਇਸ ਲਈ ਜੇ ਮੈਂ ਤਾਂ ਮਖੌਟਾ ਪਾਇਆ ਹੋਇਆ ਏ" ਤੇ ਓਪਰਾ ਆਦਮੀ ਹਸਣ ਲਗ ਪਿਆ।

ਉਹ ਬੜਾ ਪਰੇਸ਼ਾਨ ਹੋਇਆ।

"ਲਗ ਗਿਆ ਨਾ ਤੈਨੂੰ ਵੀ ਭੁਲੇਖਾ ?" ਗੁਆਂਢੀ ਹਸਿਆ।

"ਤੂੰ ਆਪਣਾ ਦਿਮਾਗ ਗਿਰਵੀ ਰਖ ਆਇਆ ਏਂ ਨਾ" ਉਸ ਨੇ ਗੁੱਸੇ ਨਾਲ ਕਿਹਾ।

"ਮੈਂ ਤਾਂ ਮਜ਼ਾਕ ਲਈ ਇਹ ਮੁਖੌਟਾ ਕਿਸੇ ਹੋਰ ਦਾ ਮੰਗ ਕੇ ਲਿਆਂਦਾ ਏ" ਗੁਆਂਢੀ ਨੇ ਹਸਦੇ-ਹਸਦੇ ਕਿਹਾ।

"ਜਾ-ਝਟ-ਪਟ ਉਸ ਨੂੰ ਵਾਪਸ ਦੇ ਕੇ ਆ।"

"ਥੋੜੀ ਦੇਰ ਹੋਰ ਮਜ਼ਾਕ-ਮਜ਼ੂਕ ਕਰ ਲੈਣ ਦੇ, ਮਸ਼ਕਰੀਆਂ।"

"ਮਸ਼ਕਰੀਆਂ...? ਮਜ਼ਾਕਾਂ...? ਮਖੌਲ...? ਇਨ੍ਹਾਂ ਗਲਾਂ ਕਰਕੇ ਤਾਂ ਮੈਂ ਇਹ ਸ਼ਹਿਰ ਛਡਣ ਲਈ ਸੋਚ ਰਿਹਾ ਹਾਂ।"

ਗੁਆਂਢੀ ਮੁਖੌਟਾ ਵਾਪਸ ਕਰਨ ਚਲਿਆ ਤਾਂ ਉਸ ਅਵਾਜ਼ ਮਾਰੀ "ਇੰਝ ਨਹੀਂ ਹੋ ਸਕਦਾ ਕਿ ਤੂੰ ਇਹ ਮੁਖੌਟਾ ਫਾੜ ਛਡੇਂ ?"

"ਉਹ ਪਿਟੇਗਾ, ਜਿਸ ਦਾ ਮੁਖੌਟਾ ਏ।"

"ਹਾਂ, ਜੇ ਇਹ ਸਾਰੇ ਮੁਖੌਟੇ ਲੈ ਕੇ ਫਾੜ ਦਿਤੇ ਜਾਣ, ਤੇ ਉਨ੍ਹਾਂ ਦੇ ਗਿਰਵੀ ਰਖੇ ਕੰਨ, ਅੱਖਾਂ, ਦਿਮਾਗ, ਅਹਿਸਾਸ ਕੁਝ ਵੀ ਵਾਪਸ ਨਾ ਮਿਲੇ ਤਾਂ ਸਾਰਾ ਸ਼ਹਿਰ ਫਿਰ ਖੂਹ ਚੋਂ ਨਿਕਲ ਸਕਦਾ ਏ, ਹਾਲਾਤ ਸੁਧਰ ਸਕਦੇ ਨੇ।

ਗੁਆਂਢੀ ਨੇ ਮੁਖੌਟਾ ਫਾੜ ਤਾਂ ਦਿਤਾ ਪਰ ਇੰਨੀ ਅਵਾਜ਼ ਹੋਈ ਕਿ ਲੋਕ ਅਵਾਜ਼ ਸੁਣ ਕੇ ਛੱਤਾਂ ਕੋਠਿਆਂ ਉਤੇ ਚੜ੍ਹ ਉਨ੍ਹਾਂ ਦੋਹਾਂ ਨੂੰ ਵੇਖਣ ਲਗ ਪਏ।

# 5

ਉਹ ਬਿਲਕੁਲ ਇਕਲ-ਮੁਕਲਾ ਬਾਗ਼ ਵਿਚ ਬੈਠਾ ਹੋਇਆ ਸੀ ਕਾਗਜ਼ ਦੇ ਫੁੱਲਾਂ ਨੂੰ ਵੇਖ ਰਿਹਾ ਸੀ। ਉਸ ਬਾਗ਼ ਵਿਚ ਫੁੱਲ, ਬੂਟੇ, ਪੱਤੇ ਸਭ ਕੁਝ ਹੀ ਨਕਲੀ ਸਨ। ਤੇ ਉਹ ਸੋਚ ਰਿਹਾ ਸੀ ਕਿ ਫੁੱਲਾਂ ਦੀ ਕਿਹੜੀ ਵਾਸ਼ਨਾ ਕਿਹੜੇ ਫੁਲ ਵਿਚ ਹੋਣੀ ਚਾਹੀਦੀ ਹੈ ਤੇ ਕਿਹੜੀਆਂ ਟਾਹਣੀਆਂ ਉੱਤੇ ਪੰਛੀ ਬੈਠਣ ਲਈ ਧੋਖਾ ਖਾ ਸਕਦੇ ਹਨ। ਉਸ ਨੇ ਸਿਰ ਚੁੱਕ ਕੇ ਅਕਾਸ਼ ਵਲ ਵੇਖਿਆ। ਪੰਛੀ ਰੁੱਖਾਂ ਉੱਤੇ ਮੰਡਰਾਂਦੇ ਫਿਰ ਵਾਪਸ ਚਲੇ ਜਾਂਦੇ। ਮਨੁਖ ਰੰਗ ਤੇ ਕਾਗਜ਼ ਦੇ ਫੁਲਾਂ ਨਾਲ ਆਪਣੇ ਆਪ ਨੂੰ ਧੋਖਾ ਦੇ ਸਕਦੇ ਹਨ ਪਰ ਫੁੱਲ, ਪੱਤਰ ਤੇ ਰੁੱਖਾਂ ਦੇ ਅਸਲ ਆਸ਼ਕਾਂ ਨੂੰ ਧੋਖੇ ਵਿਚ ਨਹੀਂ ਫਸਾ ਸਕਦਾ। ਉਹ ਆਪੇ ਹੀ ਥੋੜਾ ਹਸਿਆ।

ਅਣਡਿਠੀ, ਅਣਪਛਾਤੀ ਇਕ ਕੁੜੀ ਉਸ ਦੇ ਨੇੜੇ ਆ ਕੇ ਬੈਠ ਗਈ। ਸੋਹਣੀ, ਚਿਟੀ-ਗੋਰੀ, ਆਕਰਸ਼ਕ ਕੁੜੀ ਨੂੰ ਆਪਣੇ ਨੇੜੇ ਬੈਠਾ ਵੇਖ ਉਹ ਕੰਬ ਗਿਆ ਤੇ ਉਠਣ ਲਗਾ। ਕੁੜੀ ਹੋਲੀ ਜਿਹਾ ਹਸੀ "ਬਸ! ਇਹੀ ਸੀ ਤੇਰਾ ਹਿਰਖ, ਪਿਆਰ, ਭਾਵਨਾ, ਅਹਿਸਾਸ? ਤੂੰ ਮੈਨੂੰ ਭੁਲ ਗਿਆ ਏਂ ਨਾ।"

ਉਸ ਨੇ ਦੋ-ਤਿੰਨ ਵਾਰੀ ਅੱਖਾਂ ਮਲੀਆਂ। ਆਪਣੇ ਸਿਰ ਨੂੰ ਠਕੋਰਿਆ, ਦਿਮਾਗ਼ ਉੱਤੇ ਜ਼ੋਰ ਪਾਇਆ, ਯਾਦ ਦੀਆਂ ਤਹਿਆਂ ਉਧੇੜੀਆਂ ਪਰ ਕੁੜੀ ਨਹੀਂ ਪਛਾਣੀ ਗਈ। ਅਖ਼ੀਰ ਉਸ ਨੇ ਕਹਿ ਹੀ ਦਿਤਾ।

"ਮੈਂ ਤੈਨੂੰ ਨਹੀਂ ਪਛਾਣਿਆ।"

"ਮੈਂ ਰਮਾਂ ਹਾਂ।"

ਉਹ ਹੱਕਾ—ਬੱਕਾ ਹੋ ਗਿਆ..."ਰਮਾ...?"

"ਉਹੀ ਰਮਾ...ਤੇਰਾ ਜੀਵਨ...ਤੇਰਾ ਪਿਆਰ...ਤੇਰਾ ਸਭ ਕੁਝ।"

"ਪਰ ਤੂੰ...? ਇੰਡੀ ਸੋਹਣੀ...? ਤੂੰ ਕਿੱਥੇ ਚਲੀ ਗਈ ਸੀ?"

"ਮੈਂ ਵਿਆਹ ਕਰ ਲਿਆ ਹੈ।" ਕੁੜੀ ਨੇ ਕਿਹਾ।

"ਵਿਆਹ ਕਰ ਲਿਆ ਏ...? ਤੇਰਾ ਪਤੀ ਕਿਥੇ ਐ?" ਉਸ ਪੁਛਿਆ।

"ਇਥੇ ਹੀ ਇਸੇ ਸ਼ਹਿਰ ਵਿਚ ਨੇ। ਮੈਂ ਕਈ ਵਾਰੀ ਉਨ੍ਹਾਂ ਨੂੰ ਆਪਣੇ ਨਾਲ ਬਾਹਰ-ਅੰਦਰ ਜਾਣ ਲਈ ਆਖਿਆ ਹੈ। ਪਰ ਉਹ ਮੇਰੇ ਨਾਲ ਨਹੀਂ ਟੁਰਦੇ। ਉਨ੍ਹਾਂ ਨੂੰ ਸ਼ਰਮ ਆਉਂਦੀ ਏ।"

"ਸ਼ਰਮ ਆਉਂਦੀ ਏ...ਕਿਉਂ? ਸ਼ਰਮ ਆਉਂਦੀ ਏ?"

"ਉਹ ਕਹਿੰਦੇ ਨੇ ਮੈਂ ਤੇਰਾ ਪਤੀ ਨਹੀਂ ਪਿਉ ਦਿਸਦਾ ਹਾਂ।"

"ਪਿਉ ਦਿਸਦਾ ਏ ? ਕੀ ਮਤਲਬ ?"

"ਉਹ ਬੁਢੇ ਨੇ...ਵਡੀ ਉਮਰ ਦੇ" ਕੁੜੀ ਨੇ ਆਖਿਆ ।

"ਤੂੰ ਜਾਣ—ਬੁਝ ਕੇ ਬੁਢੇ ਨਾਲ ਵਿਆਹ ਕੀਤਾ ਏ ਨਾ ?" ਉਸ ਨੇ ਹੈਰਾਨ ਹੋ ਕੇ ਪੁਛਿਆ ।

"ਹਾਂ, ਜਾਣ ਬੁਝ ਕੇ, ਜਾਣਦੇ ਹੋਏ ਕੀਤਾ ਏ, ਪਰ ਤਾਂ ਕੀ ਹੋਇਆ ? ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਏ ?"

"ਨਹੀਂ ਕੁਝ ਨਹੀਂ ਹੋਇਆ...ਕੋਈ ਗਲ ਨਹੀਂ...ਪਰ ਫਿਰ ਵੀ...?" ਤੇ ਉਸ ਨੇ ਨਜ਼ਰ ਨੀਵੀਂ ਕਰ ਲਈ ।

"ਫਿਰ ਵੀ ਕੀ...? ਕੁਝ ਨਹੀਂ । ਮੈਨੂੰ ਸਾਰੇ ਸੁਖ ਨੇ, ਸਭ ਕੁਝ ਮਿਲਿਆ ਹੋਇਆ ਏ.. ਕੋਈ ਦੁਖ ਨਹੀਂ" ਉਸ ਨੇ ਮੁਸਕਰਾਂਦੇ ਕਿਹਾ ।

"ਸਭ ਕੁਝ...ਹਰ ਚੀਜ਼ ? ਹਰ ਸੁਖ ? ਕੀ ਇਹ ਸਚ ਏ ?"

"ਹਾਂ ਸਚ ਏ, ਉਹ ਲਖਪਤੀ ਨੇ ਤੇ ਮੈਂ ਉਨ੍ਹਾਂ ਦੀ ਪਤਨੀ ਹਾਂ । ਦੋ ਵਰ੍ਹੇ ਉਨ੍ਹਾਂ ਆਪਣਾ ਇਲਾਜ ਵੀ ਕਰਵਾਇਆ । ਪੈਸਾ ਪਲੇ ਹੋਏ ਤਾਂ ਸਾਰੇ ਇਲਾਜ ਹੋ ਸਕਦੇ ਨੇ । ਸਭ ਕੁਝ ਫਿਰ ਮਿਲ ਜਾਂਦਾ ਏ, ਸਾਰੀ ਤਾਕਤ ਵਾਪਸ ਪਰਤ ਆਉਂਦੀ ਏ ।"

ਇਹ ਕਿਹੜੀ ਮਿੱਟੀ ਦੀ ਬਣੀ ਹੋਈ ਏ ? ਇਹ ਕੀ ਆਖਣਾ ਚਾਹੁੰਦੀ ਹੈ ? ਕੀ ਜਤਲਾਉਣਾ ਚਾਹੁੰਦੀ ਹੈ ? ਕੀ ਸਮਝਾ ਰਹੀ ਹੈ ? ਕੀ ਕਹਿ ਰਹੀ ਹੈ ? ਉਹ ਨਹੀਂ ਸੀ ਸੋਚ ਸਕਦਾ ।

"ਤਾਂ ਫਿਰ ਤੈਨੂੰ ਉਸ ਦਾ ਵਫ਼ਾਦਾਰ ਰਹਿਣਾ ਚਾਹੀਦਾ ਏ ।" ਉਸ ਕਿਹਾ ।

ਕੁੜੀ ਜ਼ੋਰ ਦੀ ਠਹਾਕਾ ਮਾਰ ਕੇ ਹਸੀ "ਵਫ਼ਾਦਾਰ ! ਅਸੀਂ ਦੋਵੇਂ ਤਾਂ ਜ਼ਿੰਦਗੀ ਦੇ ਵਪਾਰ ਦੇ ਭਾਈਵਾਲ ਹਾਂ । ਨਫ਼ੇ-ਨੁਕਸਾਨ ਦੇ ਸਾਂਝੀਦਾਰ—ਪਾਰਟਨਰ । ਆਪੋ-ਆਪਣੀ ਥਾਂ ਦੋਵੇਂ ਹੀ ਵਫ਼ਾਦਾਰ ਹਾਂ । ਪਰ ਮੈਂ ਉਨ੍ਹਾਂ ਨੂੰ ਤੇ ਉਨ੍ਹਾਂ ਮੈਨੂੰ ਪੂਰਨ ਅਜ਼ਾਦੀ, ਪੂਰਨ ਖੁਲ ਦਿਤੀ ਹੋਈ ਏ । ਉਹ ਆਖਦੇ ਨੇ ਘਰੇਲੂ ਜੀਵਨ ਪੂਰਨ ਵਿਸ਼ਵਾਸ ਪਰ ਹੀ ਟਿਕਿਆ ਹੋਣਾ ਚਾਹੀਦਾ ਏ ।"

ਕਾਫ਼ੀ ਚਿਰ ਦੋਹਾਂ ਵਿਚਾਲੇ ਚੁੱਪ ਪਸਰੀ ਰਹੀ । ਫਿਰ ਕੁੜੀ ਨੇ ਪੁਛਿਆ "ਤੇਰਾ ਕੀ ਹਾਲ ਏ ? ਕਿੰਝ ਗੁਜ਼ਰ ਰਹੀ ਏ...ਜ਼ਿੰਦਗੀ...?"

"ਠੀਕ ਏ...ਠੀਕ ਹੀ ਗੁਜ਼ਰੇਗੀ । ਸ਼ਹਿਰ ਦੇ ਨਵੇਂ ਨਿਯਮਾਂ ਕਾਰਣ ਹੁਣ ਸਭ ਕੁਝ ਠੀਕ ਏ, ਸਾਰੇ ਸੁਖੀ ਨੇ...ਸਭ ਪਾਸੇ ਸ਼ਾਂਤੀ ਏ" ਉਸ ਨੇ ਕਿਹਾ ।

"ਸ਼ਹਿਰ ਨੇ ਬੜੀ ਤਰਕੀ ਕੀਤੀ ਏ । ਸਭ ਪਾਸੇ ਕੀ ਦਾ ਕੀ ਬਣ ਗਿਆ ਏ । ਜਿਥੇ ਆਦਮੀ ਦੀ ਜ਼ਾਤ ਵੀ ਨਹੀਂ ਦਿਸਦੀ ਸੀ ਉਥੇ ਹਵੇਲੀਆਂ, ਬਿਜਲੀ ਚਾਨਣਾ, ਫੁੱਲ ਤੇ ਰੰਗ-ਬਰੰਗੀ ਸ਼ੀਸ਼ੇ ਲਭਦੇ ਨੇ ।

ਮੇਰੇ ਪਤੀ ਨੂੰ ਵੀ ਨਗਰ ਦੀ ਤਰਕੀ-ਵਾਧੇ-ਉਸਾਰੀ ਵਿਚ ਬੜੀ ਦਿਲਚਸਪੀ ਏ । ਲੱਖਾਂ ਪਤੀ ਲੋਕਾਂ ਦੀ ਦਿਲਚਸਪੀ ਤੋਂ ਬਿਨਾਂ ਕੋਈ ਵੀ ਥਾਂ ਤਰੱਕੀ ਨਹੀਂ ਕਰ ਸਕਦੀ ।"

"ਪਰ ਉਹ ਸਿਰਫ਼ ਸੋਚਦੇ ਨੇ ਜਾਂ ਕੁਝ ਕਰਦੇ ਵੀ ਨੇ ?"

"ਸੋਚਦੇ ਬੀ ਨੇ ਤੇ ਕੰਮ ਬੀ ਕਰਦੇ ਨੇ। ਮੇਰੇ ਨਾਲ ਤਾਂ ਹਰ ਵੇਲੇ, ਹਰ ਰੋਜ਼ ਲੋਕਾਂ, ਸ਼ਹਿਰ ਤੇ ਤਰਕੀ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਨੇ। ਉਨ੍ਹਾਂ ਨੂੰ ਸ਼ਹਿਰ ਦੇ ਵਾਧੇ ਵਿਚ ਬਹੁਤ ਦਿਲਚਸਪੀ ਏ" ਕਹਿ ਕੇ ਉਹ ਉੱਠ ਪਈ।

"ਹੁਣ ਮੈਂ ਚਲਾਂ...ਫਿਰ ਕਦੇ ਮਿਲਾਂਗੀ।"

"ਹਾਂ-ਹਾਂ, ਕੰਮ ਹੋਏ ਤਾਂ ਜ਼ਰੂਰ ਮਿਲੀ" ਉਸ ਨੇ ਜੁਆਬ ਦਿਤਾ।

"ਕੰਮ ਦੇ ਬਗ਼ੈਰ ਨਹੀਂ ? ਨਹੀਂ ਮਿਲ ਸਕਦੀ ?"

ਉਹ ਉਸ ਦੇ ਚਿਹਰੇ ਵਲ ਬੜੇ ਧਿਆਨ ਨਾਲ ਵੇਖਣ ਲਗਾ। ਕੁਝ ਜੁਆਬ ਨਹੀਂ ਦਿਤਾ।

ਉਸ ਕੁੜੀ ਦੇ ਜਾਣ ਤੋਂ ਬਾਅਦ ਉਹ ਬਹੁਤ ਉਦਾਸ ਹੋ ਗਿਆ ਉਸ ਦੇ ਸਾਰੇ ਜਿਸਮ ਉਤੇ ਜਿਵੇਂ ਉਦਾਸੀ ਦਾ ਲੇਪ ਚੜ੍ਹ ਗਿਆ ਹੋਏ। ਹਰ ਵੇਲੇ ਉਸ ਦਾ ਦਿਮਾਗ਼ ਉਸੇ ਬਾਰੇ ਸੋਚਦਾ ਸੀ ਤੇ ਉਹ ਰੋਕਣ ਦਾ ਜਤਨ ਕਰਦਾ ਰਿਹਾ ਸੀ।

ਤਰਕੀ ਦੇ ਰਾਹ ਉੱਤੇ ਨਵੇਂ ਸ਼ਹਿਰ ਵਿਚ ਪੁਰਾਣੀ ਚੀਜ਼ ਬਹੁਤ ਪਛੜੀ ਹੋਈ ਤੇ ਫਾਲਤੂ ਲਗਦੀ ਏ। ਪਰ ਖਬਰੇ ! ਕਿਉਂ ਮਨੁੱਖ ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਰਖ ਛਡਦਾ ਹੈ...ਦੂਰ ਨਹੀਂ ਕਰਦਾ। ਸ਼ਾਇਦ ਇਸ ਲਈ ਕਿ ਉਸ ਨੂੰ ਆਪਣੀ ਤਰੱਕੀ ਤੇ ਵਾਧੇ ਦੀ ਰਫ਼ਤਾਰ ਦਾ ਅੰਦਾਜ਼ਾ ਲਗਦਾ ਰਹੇ।

ਖੰਡਰ ਉਸ ਨਾਲ ਗੱਲਾਂ ਕਰਨ ਲਗੇ। ਇਕ ਖੰਡਰ ਨੇ ਤਾਂ ਜਿਵੇਂ ਆਦਮੀ ਦਾ ਰੂਪ ਧਾਰ ਲਿਆ। ਬੁਢੇ ਆਦਮੀ ਦਾ, ਸਦੀਆਂ ਪੁਰਾਣੇ ਆਦਮੀ ਦਾ ਰੂਪ।

ਉਹ ਬੁਢਾ ਆਖ ਰਿਹਾ ਸੀ "ਮੈਂ ਸ਼ੁਰੂ ਤੋਂ ਹੀ ਪੁਰਾਣਾ ਜਿਹਾ ਟੁੱਟਾ ਭਜਾ ਖੰਡਰ ਨਹੀਂ ਸਾਂ। ਮੈਂ ਵੀ ਇਕ ਸ਼ਾਨਦਾਰ-ਆਲੀਸ਼ਾਨ ਘਰ ਸਾਂ। ਮੇਰੇ ਵੀ ਦਰਵਾਜ਼ੇ ਸਨ। ਜਿਹੜੇ ਖੁਲ੍ਹਦੇ ਤਾਂ ਅੰਦਰ ਬਾਹਰ ਆਪਸ ਵਿਚ ਜੁੜ ਜਾਂਦੇ ਤੇ ਜਦੋਂ ਬੰਦ ਹੁੰਦੇ ਤਾਂ ਅੰਦਰ ਤੋਂ ਬਾਹਰ ਨੂੰ ਵਖ ਕਰ ਦਿੰਦੇ ਸਨ। ਬਹੁਤ ਸਾਰੀਆਂ ਬਾਰੀਆਂ ਸਨ, ਜਿਥੋਂ ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਝਾਂਕਿਆ ਜਾ ਸਕਦਾ ਸੀ। ਨਵੀਆਂ ਤੇ ਤਾਜ਼ੀਆਂ ਸੂਰਜ ਦੀਆਂ ਕਿਰਨਾਂ ਲਈ ਝਰੋਖੇ ਵੀ ਸਨ। ਕੰਧਾਂ ਵੀ ਸਨ, ਜਿਹੜੀਆਂ ਮਨੁੱਖ ਦਾ ਪੜਦਾ ਕਜਦੀਆਂ ਸਨ। ਫ਼ਰਸ਼ ਸਨ, ਜਿਨ੍ਹਾਂ ਉਤੇ ਬਚਿਆਂ, ਜੁਆਨਾਂ, ਗੋਰੀਆਂ ਤੇ ਬੁਢਿਆਂ ਦੇ ਪੈਰ ਟੁਰਦੇ ਸਨ। ਪਰ...ਪਰ...ਉਹ ਸਭ ਕੁਝ ਖ਼ਤਮ ਹੋ ਗਿਆ..."

ਕੋਲ ਬੈਠੇ ਹੋਰਾਂ ਖੰਡਰਾਂ ਨੇ ਜ਼ੋਰ ਦੀ ਗੜਾਕਾ ਮਾਰਿਆ "ਬਸ ! ਤੂੰ ਇਹੀ ਕੁਝ ਸੈਂ...? ਮੈਂ ਤਾਂ ਬਹੁਤ ਕੁਝ ਸਾਂ...ਬਹੁਤ ਕੁਝ...ਮੇਰੇ ਵਿਚ ਸ਼ੀਸ਼ੇ ਜੜੇ ਸਨ—ਰੋਸ਼ਨੀਆਂ ਸਨ, ਸੰਗੀਤ ਸੀ, ਸੁਰ ਸਨ।

ਜੀਵਨ ਦੇ ਗੀਤ ਸਨ—ਖ਼ੁਸ਼ੀ ਸੀ। ਪਰ ਇਕ ਗੱਲ ਜ਼ਰੂਰੀ ਇਹ ਸੀ ਕਿ ਮੇਰੇ ਵਿਚ ਰਹਿਣ ਵਾਲੇ ਮਖੌਟੇ ਕਦੇ ਵੀ ਨਹੀਂ ਸੀ ਪਾਂਦੇ। ਸਿਰ ਲੱਥ ਜਾਏ ਪਰ ਨੱਕ ਤੇ ਮੱਖੀ ਨਹੀਂ ਸੀ ਬੈਠਣ ਦੇਂਦੇ। ਜਾਨ ਚਲੀ ਜਾਏ ਪਰ ਆਨ ਨਹੀਂ ਸੀ ਛਡਦੇ..."ਸਜੇ ਸਜਾਏ ਹਾਲ ਕਮਰੇ, ਵਡੇ ਵਡੇ ਫਾਨੂਸ...ਪਰ..."

ਫਿਰ ਦੋਹਾਂ ਖੰਡਰਾਂ ਨੇ ਉਸ ਨੂੰ ਪੁਛਿਆ "ਤੂੰ ਤਾਂ ਨਵੇਂ ਸ਼ਹਿਰ ਦੇ ਨਵੇਂ ਮਕਾਨ ਵਿਚ ਰਹਿੰਦਾ ਏਂ...ਤੇਰਾ ਕੀ ਹਾਲ-ਚਾਲ ਏ?"

ਉਹ ਨਿਮੋਝੂਣ ਹੋ ਗਿਆ। ਉਹ ਤਾਂ ਉਸੀ ਗੱਲ ਬਾਰੇ ਕੁਝ ਦਸ ਸਕਦਾ ਸੀ ਜਿਸ ਬਾਰੇ ਥੋੜੀ ਬਹੁਤੀ ਉਸ ਨੂੰ ਜਾਣਕਾਰੀ ਹੁੰਦੀ ਪਰ ਉਹ ਤਾਂ ਸ਼ਹਿਰ ਦੀ ਤਰੱਕੀ ਤੇ ਆਪਣੇ ਬਾਰੇ 'ਚ ਵੀ ਬੜੀ ਦੁਬਿਧਾ ਵਿਚ ਫਸਿਆ ਸੀ।

"ਮੈਂ ਕੁਝ ਵੀ ਨਹੀਂ ਦਸ ਸਕਦਾ—। ਮਨੁਖ, ਕੰਧਾਂ, ਗਲੀਆਂ, ਸੜਕਾਂ, ਕੰਮ-ਕਾਜ, ਲੋਕਾਂ ਦਾ ਚਰਿਤਰ, ਕਾਰ-ਵਿਹਾਰ, ਕਰਤੂਤਾਂ, ਨੀਅਤਾਂ, ਆਨ-ਬਾਨ-ਸ਼ਾਨ, ਸਭ ਕੁਝ ਸਥਿਰ ਲਭੇ ਤਾਂ ਕੁਝ ਦਸਾਂ ਵੀ—" ਉਸ ਜੁਆਬ ਦਿਤਾ।

"ਕਲ ਦੋ ਚਾਰ ਆਦਮੀ ਆਏ ਸਨ, ਉਨ੍ਹਾਂ, ਮੇਰੀਆਂ ਵਖੀਆਂ ਵਿਚ ਦੋ ਚਾਰ ਹਥੋੜੀਆਂ ਮਾਰੀਆਂ ਤੇ ਟੁਰ ਗਏ।" ਖੰਡਰ ਸੁਣਾ ਰਿਹਾ ਸੀ। "ਮੈਨੂੰ ਹਾਸਾ ਆਇਆ—ਅਸਲ ਵਿਚ ਅਸੀਂ ਉਨ੍ਹਾਂ ਨੂੰ ਪਸੰਦ ਹੀ ਨਹੀਂ ਸੀ ਆਏ।"

"ਅਵਾਜ਼ ਮੈਂ ਵੀ ਸੁਣੀ ਸੀ। ਮੈਂ ਆਪ ਸਾਵਧਾਨ ਹੋ ਗਿਆ ਸਾਂ। ਮੈਨੂੰ ਤਾਂ ਉਹ ਸਾਰੇ ਕਾਗਜ਼ੀ ਘੋੜੇ ਲਗਦੇ ਸਨ। ਜਿਹੜੀਆਂ ਥਾਂਵਾਂ ਉਹ ਪੁਟਣ ਦੇ ਆਦੀ ਹੋ ਚੁਕੇ ਨੇ ਉਹ ਸਾਰੀਆਂ ਨਵੀਆਂ ਨੇ। ਅਸੀਂ ਤਾਂ ਪੁਰਾਣੇ ਹਾਂ—ਇਕ ਇਕ ਇੱਟ ਪੁਟਣ ਲਈ ਵੀ ਉਨ੍ਹਾਂ ਦੇ ਦੰਦ ਖੱਟੇ ਕਰਾਂਗੇ।"

"ਤੈਨੂੰ ਲਭ ਲਭ ਥੱਕ ਗਿਆ, ਤੂੰ ਇਥੇ ਕੀ ਕਰ ਰਿਹਾ ਏਂ?" ਘੂਰਦੇ ਹੋਏ ਉਸ ਦੇ ਗੁਆਂਢੀ ਨੇ ਕਿਹਾ।

"ਇੰਨਾਂ ਖੰਡਰਾਂ ਨਾਲ ਗੱਲਾਂ ਕਰ ਰਿਹਾ ਸਾਂ।"

"ਖੰਡਰਾਂ ਨਾਲ ਗੱਲਾਂ? ਤੇਰੀ ਤਬੀਅਤ ਤਾਂ ਠੀਕ ਏ ਨਾ?" ਗੁਆਂਢੀ ਨੇ ਹਸਦੇ-ਹਸਦੇ ਆਖਿਆ।

"ਹੁਣੇ ਦੋਵੇਂ ਖੰਡਰ ਮੇਰੇ ਕੋਲ ਬੈਠੇ ਸਨ ਤੇ ਮੈਨੂੰ ਆਪੋ-ਆਪਣੀ ਕਹਾਣੀ ਸੁਣਾ ਰਹੇ ਸਨ।"

ਉਸ ਦੇ ਗੁਆਂਢੀ ਨੂੰ ਜਿਵੇਂ ਕਰੰਟ ਜਿਹੀ ਲਗੀ। ਕੀ ਆਖ ਰਿਹਾ ਏਂ? ਦੋਹੇਂ ਖੰਡਰ ਉਸ ਦੇ ਕੋਲ ਬੈਠੇ ਹੋਏ ਸਨ?

"ਚਲ ਉੱਠ ਚਲੀਏ। ਗੁਆਂਢੀ ਨੇ ਉਸ ਦਾ ਹੱਥ ਫੜ ਉਠਾਣ ਦੀ ਕੋਸ਼ਿਸ਼ ਕੀਤੀ। ਗੁਆਂਢੀ ਬਹੁਤ ਘਾਬਰ ਗਿਆ ਸੀ।

"ਕਿੱਥੇ ਚਲੀਏ?" ਉਸ ਨੇ ਪੁਛਿਆ।

"ਘਰ—ਹੋਰ ਕਿਥੇ?"

"ਘਰ—ਕਿੱਥੇ ਐ ਘਰ—? ਕਿਸ ਦਾ ਘਰ?"

ਸੁਣ ਕੇ ਗੁਆਂਢੀ ਮਚਲਾ ਹੋ ਗਿਆ ਤੇ ਉਸ ਦੇ ਕੋਲ ਹੀ ਬੈਠ ਗਿਆ। "ਅਜ

ਸਾਡੇ ਚੌਂਕ ਵਿਚ ਜਲਸਾ ਹੋਣ ਵਾਲਾ ਏ। ਮੈਂ ਉਸ ਵਿਚ ਲੋਕਾਂ ਸਾਹਮਣੇ ਭਾਸ਼ਨ ਦੇਣਾ ਏ।"

ਉਹ ਚੇਤੰਨ ਹੋ ਗਿਆ "ਤੂੰ ਬੋਲਣਾ ਏ ? ਤੂੰ ਭਾਸ਼ਨ ਦੇਣਾ ਏ ?"

"ਕੀ ਆਖਣਾ ਏ ਲੋਕਾਂ ਨੂੰ ਤੂੰ ?"

"ਏਹੀਆ ਜੇ ਜੋ ਚੀਜ਼ ਘਟ ਰਹੀ ਹੈ ਉਸ ਨੂੰ ਵਧਾਉ—ਜੋ ਵੱਧ ਰਹੀ ਹੈ ਉਸ ਨੂੰ ਘਟਾਉ।"

"ਤੇਰੀ ਗਲ ਲੋਕ ਸੁਣਨਗੇ—? ਪਰਵਾਹ ਕਰਨਗੇ ?"

"ਹਾਂ ਸੁਣਨਗੇ ਕਿਉਂ ਨਹੀਂ ? ਬੋਲਣ ਤੋਂ ਪਹਿਲਾਂ ਮਹਾਤਮਾ ਜੀ ਨੇ ਆਣਾ ਏ ਤੇ ਮੈਨੂੰ ਵਡਾ ਬਨਾਉਣਾ ਏ ਤੇ ਵਡੇ ਆਦਮੀ ਦੀ ਗੱਲ ਸਾਰੇ ਲੋਕ ਸੁਣਦੇ ਹਨ।"

"ਲੋਕ ਤੇਰੀ ਗਲ ਸੁਣ ਵੀ ਲੈਣਗੇ ਤਾਂ ਕੀ ਹੋ ਜਾਏਗਾ ?"

"ਸੁਣ ਕੇ ਸੋਚਣਗੇ" ਗੁਆਂਢੀ ਨੇ ਕਿਹਾ।

ਉਹ ਜ਼ੋਰ ਦੀ ਹਸਿਆ "ਸ਼ਹਿਰ ਦੇ ਬਹੁਤ ਲੋਕਾਂ ਤਾਂ ਮੁਖੌਟੇ ਲੈਣ ਲਈ ਆਪੋ-ਆਪਣੇ ਦਿਮਾਗ਼ ਗਿਰਵੀ ਰਖ ਛਡੇ ਨੇ ਤੇ ਦਿਮਾਗਾਂ ਤੋਂ ਬਿਨਾਂ ਉਨ੍ਹਾਂ ਕੀ ਸੋਚਣਾ ਏ ?"

ਗੁਆਂਢੀ ਉਦਾਸ ਹੋ ਗਿਆ ਉਸ ਨੂੰ ਤਾਂ ਜਲਸੇ ਵਿਚ ਸਟੇਜ ਉਤੇ ਖਲੋਅ ਕੇ ਬੋਲਣ ਦਾ ਚਾਅ ਸੀ ਤੇ ਉਸ ਨੇ ਇਹ ਗਲ ਸੁਣਾ ਕੇ ਗੁਆਂਢੀ ਦਾ ਹੋਂਸਲਾ ਢਾਅ ਦਿਤਾ ਸੀ।

"ਮੈਂ ਫਿਰ ਵੀ ਉੱਥੇ ਬੋਲਣਾ ਚਾਹੁੰਦਾ ਹਾਂ" ਗੁਆਂਢੀ ਨੇ ਕਿਹਾ।

"ਚੰਗਾ, ਤੂੰ ਉੱਥੇ ਬੋਲੀਂ, ਮੈਂ ਤੇਰਾ ਤਮਾਸ਼ਾ ਵੇਖਾਂਗਾ" ਉਸ ਖੰਡਰਾਂ ਵਲ ਵੇਖਦੇ ਨੇ ਕਿਹਾ।

ਵਡੇ ਬਜ਼ਾਰ ਵਿਚ ਪਹੁੰਚਦੇ ਹੀ ਉਨ੍ਹਾਂ ਨੂੰ ਨਵੀਆਂ-ਨਵੀਆਂ ਤਬਦੀਲੀਆਂ ਦਾ ਅਹਿਸਾਸ ਹੋਇਆ। ਬੜੇ ਲੋਕ...ਬੜੇ ਸਿਰ...ਬੜੀਆਂ ਹੀ ਅੱਖਾਂ...ਅਣਗਿਣਤ ਪੈਰ, ਇਕ ਹੜ ਜਿਹਾ ਆਇਆ ਹੋਇਆ ਸੀ ਪਰ ਚੁੱਪ-ਚਪੀਤਾ। ਸਾਰੇ ਚੁੱਪ ਸਨ। ਬਹੁਤ ਜ਼ਰੂਰੀ ਗਲਾਂ ਕੰਨਾਂ ਵਿਚ ਹੀ ਹੌਲੀ ਹੌਲੀ ਕਰਦੇ ਸਨ।

ਚੌਂਕ ਵਿਚ ਪਹੁੰਚੇ ਤਾਂ ਉੱਥੇ ਕੁਝ ਵੀ ਨਹੀਂ ਸੀ। ਨਾ ਹੀ ਕੋਈ ਸਟੇਜ ਤੇ ਨਾ ਹੀ ਲੋਕ। ਚੌਂਕ ਵਿਚ ਤਾਂ ਕੋਈ ਖਲੋਂਦਾ ਵੀ ਨਹੀਂ ਸੀ।

"ਤੂੰ ਤੇ ਆਖਿਆ ਸੀ ਤੂੰ ਲੋਕਾਂ ਨੂੰ ਭਾਸ਼ਨ ਦੇਣਾ ਏ—? ਕੁਝ ਆਖਣਾ ਏ" ਉਸ ਪੁਛਿਆ।

ਉਸ ਦਾ ਗੁਆਂਢੀ ਵੀ ਹੈਰਾਨ ਸੀ, ਉਹ ਸਾਰਾ ਪ੍ਰੋਗਰਾਮ ਹੀ ਠੱਪ ਹੋਇਆ ਲਗਦਾ ਸੀ। ਚੌਂਕ ਦੇ ਇਕ ਪਾਸੇ ਖਲੋਤੇ ਇਕ ਆਦਮੀ ਨੂੰ ਉਸ ਪੁਛਿਆ "ਇਥੇ ਸਟੇਜ ਬਣਨੀ ਸੀ ਨਾ...? ਇਥੇ ਜਲਸਾ ਹੋਣਾ ਸੀ ਨਾ...? ਲੋਕਾਂ ਨੇ ਭਾਸ਼ਨ ਦੇਣੇ ਸਨ ਨਾ।"

ਚੌਂਕ ਵਾਲੇ ਆਦਮੀ ਨੇ ਕੋਈ ਵੀ ਜੁਆਬ ਨਾ ਦਿਤਾ ਤੇ ਟਹਿਲਦਾ-ਟਹਿਲਦਾ ਪਰ੍ਹਾਂ ਟੁਰ ਗਿਆ।

ਦੋਹੇਂ ਸੜਕ ਤੋਂ ਗਲੀ ਵਿਚ ਮੁੜਨ ਹੀ ਲਗੇ ਸਨ। ਨੁੱਕਰ ਵਿਚ ਇਕ ਬਹੁਤ

ਵਡਾ ਇਸ਼ਤਿਹਾਰ ਲਗਿਆ ਹੋਇਆ ਸੀ ਅਚਾਨਕ ਹੀ ਉਨ੍ਹਾਂ ਦੀ ਨਜ਼ਰ ਪੈ ਗਈ, ਲਿਖਿਆ ਸੀ "ਅਸੀਂ ਸਾਰੇ ਹੋਰ ਸੁਖੀ ਹੋਣਾ ਚਾਹੁੰਦੇ ਹਾਂ...ਸੁਖ ਲਈ ਇਕ ਨਵਾਂ ਸਾਧਨ ਲਭ ਲਿਆ ਹੈ...ਜੇ ਅਸੀਂ ਸਾਰੇ ਵੇਖਣਾ, ਸੁਣਨਾ, ਬੋਲਣਾ ਤੇ ਸੋਚਣਾ ਬੰਦ ਕਰ ਦੇਈਏ। ਜੇ ਵੇਖਣਾ ਵੀ ਪਏ ਤਾਂ ਅੱਖਾਂ ਬੰਦ ਕਰ ਕੇ ਵੇਖੀਏ। ਸੁਣਨਾ ਪਏ ਤਾਂ ਕੰਨ ਬੰਦ ਕਰ ਕੇ ਸੁਣੀਏ। ਤੇ ਜੇ ਬੋਲੇ ਬਿਨਾਂ ਕੰਮ ਨਾ ਸਰੇ ਤਾਂ ਮੂੰਹ ਬੰਦ ਕਰ ਕੇ ਬੋਲੀਏ।"

ਪੜ੍ਹ ਕੇ ਉਸ ਦੇ ਗੁਆਂਢੀ ਨੇ ਉਸ ਵਲ ਵੇਖਿਆ। ਉਸ ਨੇ ਵੀ ਵੇਖਿਆ ਤੇ ਕਿਹਾ "ਜਿੰਨੀ ਚੁੱਪ...ਉਨ੍ਹਾਂ ਹੀ ਸੁੱਖ" ਹੁਣ ਕੋਈ ਧਰਮੀ-ਰ੍ਹਮੀ ਸਾਰਿਆਂ ਨੂੰ ਸੁਖੀ ਵੇਖਣਾ ਚਾਹੁੰਦਾ ਏ। ਸੂਰਤਾਂ ਬੜੀਆਂ ਚੰਗੀਆਂ ਲਿਖੀਆਂ ਨੇ। ਪਰ ਉਸ ਨੂੰ ਨਾਲ ਇਹ ਵੀ ਲਿਖ ਛਡਣਾ ਚਾਹੀਦਾ ਸੀ ਕਿ ਪਰਮ-ਸੁਖ ਦੀ ਕਾਮਨਾ ਰਖਣੇ ਵਾਲੇ-ਖਾਣਾ ਪੀਣਾ, ਮਹਿਸੂਸ ਕਰਨਾ, ਵੀ ਤਜ ਦੇਣ।"

"ਤੁਸਾਂ ਕੀ ਆਖਿਆ ਏ ?" ਉਸ ਦੇ ਮੋਢੇ ਉੱਤੇ ਹੱਥ ਟਖਦੇ ਹੋਏ ਇਕ ਅੜਬ ਜਿਹੇ ਬੰਦੇ ਨੇ ਪੁਛਿਆ।

"ਸਾਨੂੰ ਹੁਣ ਖਾਣਾ-ਪੀਣਾ ਤੇ ਮਹਿਸੂਸਣਾ ਬੰਦ ਕਰਨਾ ਚਾਹੀਦਾ ਏ ?"

"ਤੁਸੀਂ ਦੋਹੇਂ ਕੋਈ ਓਪਰੇ ਜਿਹੇ ਆਦਮੀ ਲਗਦੇ ਹੋ ? ਉਥੇ ਲਿਖਿਆ ਏ, ਬੋਲਣਾ ਬੰਦ ਕਰ ਦਿਉ ਤੇ ਤੁਸੀਂ ਬੋਲਦੇ ਹੀ ਜਾ ਰਹੇ ਹੋ ?"

"ਇਥੇ ਤਾਂ ਇਹ ਵੀ ਨਹੀਂ ਲਿਖਿਆ ਕਿ ਜਿਹੜਾ ਬੋਲੇਗਾ ਉਸ ਨਾਲ ਕੀ ਸਲੂਕ ਕੀਤਾ ਜਾਏਗਾ ?" ਗੁਆਂਢੀ ਨੇ ਪੁਛਿਆ।

"ਉਸ ਨੂੰ ਇਨਾਮ ਦਿਤਾ ਜਾਏਗਾ ਤੇ ਵਡੇ ਸਮਾਰੋਹ ਵਿਚ ਸਨਮਾਨਿਆ ਜਾਏਗਾ" ਆਖਦੇ ਅੜਬ ਆਦਮੀ ਨੇ ਉਸ ਦਾ ਮੋਢਾ ਇੰਨੀ ਜ਼ੋਰ ਦਾ ਘੁਟਿਆ ਕਿ ਉਸ ਦੀਆਂ ਚੀਕਾਂ ਨਿਕਲ ਗਈਆਂ।

"ਕਿਹੋ ਜਿਹਾ ਜਮਦੂਤ ਜਿਹਾ ਬੰਦਾ ਸੀ। ਮੇਰਾ ਮੋਢਾ ਹੀ ਤੋੜ ਗਿਆ ਏ।" ਗੁਆਂਢੀ ਦੀ ਸਮਝ ਵਿਚ ਕੁਝ ਨਾ ਆਇਆ।

ਆਪਣੇ ਕਮਰੇ ਵਿਚ ਆ ਕੇ ਉਸ ਨੇ ਸੋਚਿਆ ਕਿ ਉਹ ਵੀ ਇਕ ਵਡਾ ਪੋਸਟਰ ਬਣਾ ਕੇ ਉਸ ਉੱਤੇ ਲਿਖੇ "ਮੂੰਹ, ਅੱਖਾਂ, ਕੰਨ ਬੰਦ ਕਰਨ ਨਾਲ ਆਦਮੀ ਪੱਥਰ ਹੀ ਰਹਿ ਜਾਂਦਾ ਏ, ਫਿਰ ਸੁਖ ਤੇ ਪਰਮ-ਸੁਖ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ ਤੇ ਫਿਰ ਉਹ ਕੋਨੇ ਦੇ ਵਡੇ ਇਸ਼ਤਿਹਾਰ ਉੱਤੇ ਜਾ ਕੇ ਚਮੋੜ ਦੇਏ ਤੇ ਸਾਰਾ ਕੁਝ ਢੱਕ ਦੇਏ, ਪਰ ਉਸ ਨੇ ਉਹ ਕੰਮ ਦੂਜੇ ਦਿਨ ਲਈ ਛਡ ਦਿਤਾ।

ਸਵੇਰ ਹੁੰਦੇ ਹੀ ਉਹ ਆਪਣੇ ਕੋਠੇ ਉੱਤੇ ਜਾ ਚੜ੍ਹਿਆ। ਸੂਰਜ ਧੁੰਧਲਾ-ਧੁੰਧਲਾ ਤੇ ਭੁਸਲਾ ਸੀ। ਅਕਾਸ਼ ਉਤੇ ਵੀ ਧੁੰਧ ਹੀ ਧੁੰਧ ਛਾਈ ਹੋਈ ਸੀ। ਆਂਡ-ਗੁਆਂਢ ਦੇ ਘਰ ਵੀ ਸਾਫ਼ ਨਹੀਂ ਦਿਸ ਰਹੇ ਸਨ।

"ਅਜ ਤੇ ਕਮਾਲ ਹੋ ਗਿਆ ਏ" ਉਸ ਦੇ ਗੁਆਂਢੀ ਨੇ ਕਿਹਾ। ਉਸ ਦਿਨ ਵਾਲੀ ਕੁੜੀ ਵੀ ਨਾਲ ਹੀ ਸੀ।

"ਕੀ ਕਮਾਲ ਵੇਖਿਆ ਏ ਤੂੰ" ਉਸ ਪੁਛਿਆ।

"ਸਾਰਾ ਨਗਰ ਜਿਵੇਂ ਖਾਲੀ ਹੋ ਗਿਆ ਏ, ਲੋਕ ਕਿਧਰੇ ਚਲੇ ਗਏ ਨੇ...ਬਾਹਰ ਕੋਈ ਵੀ ਨਹੀਂ ਦਿਸਦਾ।"

"ਲੋਕਾਂ ਕਿੱਥੇ ਜਾਣਾ ਏ ? ਉਹ ਤਾਂ ਸੜਦੇ ਹੋਏ ਫਲਾਂ ਦੇ ਕੀੜੇ ਨੇ ਸੜੇ ਹੋਏ ਫੱਲਾਂ ਵਿਚ ਸੁਰ-ਸੁਰ ਕਰਨਾ ਤੇ ਫਿਰ ਵਿਚੇ ਹੀ ਤੱਰਕੇ ਹੋਏ ਫਲਾਂ ਵਿਚ ਮਰ ਜਾਣਾ।"

"ਤੂੰ ਬਾਹਰ ਨਿਕਲ ਕੇ ਵੇਖ ਤਾਂ ਸਹੀ।"

"ਇਸ ਨੇ ਵੀ ਨਾਲ ਹੀ ਜਾਣਾ ਏ ?" ਕੁੜੀ ਵਲੋਂ ਉਸ ਪੁਛਿਆ।

"ਹਾਂ, ਇਸ ਨੇ ਵੀ ਸਾਡੇ ਨਾਲ ਹੀ ਘੁੰਮਣਾ ਏ" ਗੁਆਂਢੀ ਕਿਹਾ।

"ਇਸ ਨੂੰ ਤੂੰ ਨਾਲ ਕਿਉਂ ਲੈ ਕੇ ਆਉਂਦਾ ਏਂ ?"

"ਮੈਂ ਇਸ ਨੂੰ ਨਹੀਂ ਲਿਆਇਆ, ਇਹ ਜ਼ੋਰੋ-ਜ਼ੋਰੀ ਮੇਰੇ ਨਾਲ ਟੁਰ ਆਈ ਏ। ਕੁਝ ਐਵੇਂ ਹੀ ਝਲ-ਵਲਲੀਆਂ ਗੱਲਾਂ ਕਰੀ ਜਾਂਦੀ ਏ,ਕਹਿੰਦੀ ਏ "ਕੋਟੀ ਪਤਾ ਨਹੀਂ... ਕਿਸ ਵੇਲੇ ਕੀ ਹੋ ਜਾਣਾ ਏ-ਤੇਰੇ ਨਾਲ ਪੰਜ-ਸਤ ਦਿਨ ਗੁਜ਼ਾਰਨਾ ਚਾਹੁੰਦੀ ਹਾਂ।"

"ਗੁਜ਼ਾਰਨ ਦੇ ਫਿਰ...ਮੈਨੂੰ ਉਸ ਨਾਲ ਹਮਦ ਰਦੀ ਉਪਜੀ।"

ਉਸ ਦੇ ਗੁਆਂਢੀ ਦੀ ਹਰ ਗਲ ਦਾ ਅਰੱਥ ਐਸਾ ਕਮਾਲ ਦਾ ਹੁੰਦਾ ਸੀ ਕਿ ਉਹੋ ਜਿਹਾ ਉਸ ਪਹਿਲਾਂ ਕਦੇ ਵੀ ਵੇਖਿਆ—ਸੁਣਿਆ ਨਹੀਂ ਸੀ ਹੁੰਦਾ। ਉਹ ਸੋਚ ਰਿਹਾ ਸੀ ਕਿ ਸ਼ਹਿਰ ਵਿਚ ਜਿਥੇ ਜਾਣ ਜਾਂ ਵਾਪਸ ਆਉਣ ਦਾ ਅਰਥ ਸਿਰਫ਼ ਸੁਣਿਆ ਸਮਝਿਆ ਜਾਂਦਾ ਹੈ...ਐਸੀ ਗਲ ਕੀ ਹੋ ਗਈ ਸੀ—? ਕੀ ਭਾਣਾ ਵਰਤ ਗਿਆ ਸੀ।"

"ਕੀ ਸੋਚ ਰਿਹਾ ਏਂ ?" ਗੁਆਂਢੀ ਨੇ ਪੁਛਿਆ।

"ਸੋਚ ਰਿਹਾਂ ਕਿ ਆਦਮੀ ਜਿਥੇ ਵੀ ਜਾਏ, ਚਾਹੇ ਨੰਗਾ ਚਾਹੇ ਢਕਿਆ ਸਰੀਰ ਤਾਂ ਉਸ ਦੇ ਨਾਲ-ਨਾਲ ਹੀ ਟੁਰਦਾ ਏ ਨਾ। ਪੜਦ ਜਾਂ ਬੇਪੜਦ ਕਮਰਾ ਤਾਂ ਨਾਲ-ਨਾਲ ਹੀ ਟੁਰਦਾ ਏ। ਰਜਿਆ ਜਾਂ ਭੁੱਖਾ ਪੇਟ ਵੀ ਨਾਲ-ਨਾਲ ਹੀ ਤੁਰਦਾ ਏ। ਮੈਂ ਤਾਂ ਸਮਝਨਾਂ ਕਿ ਆਦਮੀ ਦੇਹ ਨੂੰ ਤਿਆਗ ਵੀ ਦੇਏ ਤਾਂ ਵੀ ਇਹ ਸਭੋ ਕੁਝ ਨਾਲ-ਨਾਲ ਹੀ ਟੁਰਦਾ ਰਹਿੰਦਾ ਏ।"

"ਮੈਂ ਸਮਝ ਗਿਆ—ਮੈਂ ਉਡੀਕ ਲੈਂਦਾ ਹਾਂ ਤੂੰ ਗਡੀ ਵਿਚ ਤੇਲ ਪਾ ਲੈ"

ਤਿੰਨੋਂ ਬਾਹਰ ਨਿਕਲੇ। ਸ਼ਹਿਰ ਵਿਚ ਕੁਝ ਵੀ ਤਾਂ ਵਖਰਾ ਵੇਖਣ ਯੋਗ ਨਹੀਂ ਸੀ। ਹਟੀਆਂ, ਆਦਮੀ, ਸੜਕਾਂ, ਗਲੀਆਂ, ਥੀਏਟਰ, ਨਾਟਕ ਘਰਾਂ ਸਭ ਕੁਝ ਉਹੋ ਜਿਹਾ ਹੀ ਸੀ। ਉਹ ਘੜੀ-ਮੁੜੀ ਸੋਚ ਰਿਹਾ ਸੀ ਕਿ ਗੁਆਂਢੀ ਨੂੰ ਉਹ ਵਖਰੀ ਕਮਾਲ ਦੀ ਥਾਂ ਬਾਰੇ-ਪੁਛੇ ਪਰ ਉਹ ਹਰ ਵਾਰੀ ਹੀ ਝੱਕ ਗਿਆ।

ਉਹ ਕੁੜੀ ਜਿਹੜੀ ਉਨ੍ਹਾਂ ਦੇ ਨਾਲ ਸੀ, ਮੁਸਕਰਾਈ ਮੁਸਕਰਾਂਦੀ ਗੁਆਂਢੀ ਵਲ ਵੇਖ ਰਹੀ ਸੀ। ਉਸ ਦਾ ਪੁਛਣਾ, ਉਨ੍ਹਾਂ ਦੋਹਾਂ ਦੀ ਖੁਸ਼ੀ ਖੋਹਣ ਦੇ ਬਰਾਬਰ ਸੀ।

ਸ਼ਹਿਰ ਵਿਚ ਇਕ ਨਵੀਂ ਚੀਜ਼ ਜ਼ਰੂਰ ਦਿਸੀ ਸੀ ਕਿ ਗਲੀ ਦੇ ਹਰ ਮੋੜ, ਸੜਕ ਦੇ ਹਰ ਕੰਢੇ ਤੇ ਚੁਰਸਤੇ ਦੇ ਵਿਚਕਾਰ ਨਵੀਂ ਤਸਵੀਰ ਲਗ ਗਈ ਸੀ। ਤਸਵੀਰ ਬਹੁਤ ਵਡੀ ਸੀ। ਹਰ ਥਾਂ ਲੋਕ ਖਲੋਤੇ ਤਸਵੀਰ ਵੇਖ ਰਹੇ ਸਨ। ਹਰ ਤਸਵੀਰ ਹੇਠ ਲਿਖਿਆ ਸੀ "ਇਹ ਤਸਵੀਰ ਤੁਹਾਡੀ ਏ-ਪਰ ਤਸਵੀਰ ਨੂੰ ਵੇਖ ਹਰ ਕੋਈ ਇਕ ਦੂਜੇ

ਵਲ ਵੇਖਦਾ ਸੀ। ਜਿਵੇਂ ਪੁਛਦਾ ਹੋਵੇ 'ਕੀ ਇਹ ਤਸਵੀਰ ਸਾਡੀ ਏ' ? ਹਰ ਤਸਵੀਰ ਵਿਚ ਇਕ ਆਦਮੀ ਖੇਤਾਂ ਚੋਂ ਸੋਨੇ ਦੇ ਸਿਟਿਆਂ ਦੀ ਵਾਢੀ ਕਰ ਰਿਹਾ ਸੀ।''

''ਇਹ ਤਸਵੀਰ ਸਾਡੀ ਏ ?'' ਇਕ ਆਦਮੀ ਨੇ ਉਸ ਦੇ ਨੇੜੇ ਹੁੰਦੇ ਪੁਛਿਆ।

''ਲਿਖਿਆ ਤਾਂ ਇਹੋ ਕੁਝ ਏ'' ਉਸ ਜੁਆਬ ਦਿਤਾ।

''ਮੇਰੇ ਕੋਲ ਤਾਂ ਨਾ ਖੇਤ ਨੇ ਨਾ ਬਲਦ। ਨਾ ਹਲ, ਨਾ ਪੰਜਾਲੀ, ਮੈਂ ਤਾਂ ਸੜਕ ਸਾਫ਼ ਕਰਦਾ ਹਾਂ...। ਕਿੰਨਾ ਅਜੀਬ ਮਖੌਲ ਕੀਤਾ ਏ ਕਿ ਮੈਂ ਸੋਨੇ ਦੇ ਸਿਟੇ ਕਢ ਰਿਹਾ ਹਾਂ—ਵਾਢੀ ਕਰ ਰਿਹਾ ਹਾਂ।''

ਹਰ ਆਦਮੀ ਸ਼ਾਇਦ ਇਕ ਦੂਜੇ ਦੇ ਕੰਨਾਂ ਵਿਚ ਸ਼ਾਇਦ ਇਹੋ ਹੀ ਗੱਲ ਕਰ ਰਿਹਾ ਸੀ। ਕਿਉਂਕਿ ਉਨ੍ਹਾਂ ਚੋਂ ਤਾਂ ਕਿਸੇ ਕੋਲ ਵੀ ਨਾ ਜ਼ਮੀਨ ਸੀ—ਨਾ ਬਲਦ ਸਨ ਤੇ ਨਾ ਹਲ-ਪੰਜਾਲੀ ਸੀ।

''ਮੇਰਾ ਤਾਂ ਜੀਅ ਕਰਦਾ ਏ ਇਸ ਤਸਵੀਰ ਨੂੰ ਉਤਾਰ ਕੇ ਫਾੜ ਦਿਆਂ'' ਇਕ ਹੋਰ ਆਦਮੀ ਨੇ ਉਸ ਨੂੰ ਕਿਹਾ।

''ਤੈਨੂੰ ਇਹ ਹੱਕ ਨਹੀਂ'' ਉਸ ਆਖਿਆ।

''ਕਿਉਂ ਮੇਰਾ ਹੱਕ ਨਹੀਂ ?''

''ਇਸ ਲਈ ਜੇ ਸ਼ਹਿਰ ਵਿਚ ਬਹੁਤ ਲੋਕ ਐਸੇ ਵੀ ਨੇ ਜਿਹੜੇ ਸੋਨੇ ਦੇ ਸਿਟਿਆਂ ਦੀ ਫਸਲ ਲੈਂਦੇ ਨੇ। ਇਹ ਤਸਵੀਰ ਉਨ੍ਹਾਂ ਦੀ ਵੀ ਏ।''

ਉਹ ਆਦਮੀ ਉਸ ਵਲ ਹੈਰਾਨ ਪਰੇਸ਼ਾਨ ਹੋਇਆ ਵੇਖਦਾ ਰਿਹਾ ?

''ਸ਼ਹਿਰ ਵਿਚ ਸੋਨੇ ਦੀ ਵਾਢੀ ਕੌਣ ਕਰਦੇ ਨੇ ?''

''ਤੂੰ ਸੋਚ ਵੀ ਨਹੀਂ ਸਕਦਾ ਤੇ ਮੈਨੂੰ ਉਮੀਦ ਏ ਤੂੰ ਪੰਜਾਹ ਸੱਠ ਵਰ੍ਹੇ ਹੋਰ ਵੀ ਇਹ ਗਲ ਨਹੀਂ ਸੋਚ ਸਕਦਾ। ਅਸੀਂ ਆਪ ਖੇਤ ਹਾਂ, ਸਾਡੇ ਵਿਚ ਸੋਨਾ ਉਗਦਾ ਏ। ਵਾਢੀ ਕਰਨ ਵਾਲੇ ਉਹ ਲੋਕ ਹਨ ਜਿਹੜੇ ਮੁਖੌਟਿਆਂ ਦਾ ਵਪਾਰ ਕਰਦੇ ਨੇ ਤੇ ਨੰਗੇ ਫਿਰਦੇ ਨੇ। ਜਿੰਨਾ ਨੂੰ ਪਛਾਣਨਾ ਬੜਾ ਔਖਾ ਏ। ਜਿੰਨਾਂ ਆਪਣੇ ਚਿਹਰੇ ਤੇ ਅੱਖਾਂ ਛੁੱਪਾ ਲਈਆਂ ਨੇ।''

ਉਸ ਨੇ ਉਸ ਆਦਮੀ ਨਾਲ ਗੱਲ ਕੀ ਛੇੜੀ ਜਿਵੇਂ ਬਰੂਦ ਨੂੰ ਤੀਲੀ ਲਗਾ ਦਿਤੀ ਹੋਏ। ਸਾਰੇ ਲੋਕ ਉਸ ਦੇ ਆਸੇ-ਪਾਸੇ ਇਕੱਠੇ ਹੋਣ ਲਗ ਪਏ। ਉਹ ਘਾਬਰ ਗਿਆ। ਆਪਣੀ ਗ਼ਲਤੀ ਤੇ ਪਛਤਾਣ ਲਗਾ। ਉਸ ਨੂੰ ਪਤਾ ਸੀ ਕਿ ਤਸਵੀਰ ਟੰਗਣ ਵਾਲੇ ਵੀ ਕਿਧਰੇ ਇਥੇ ਨੇੜੇ-ਤੇੜੇ ਹੀ ਹੋਣਗੇ। ਇੱਥੇ ਲੋਕਾਂ ਦਾ ਚੰਗਾ ਖਾਸਾ ਇਕੱਠ ਵੇਖ ਉਨ੍ਹਾਂ ਝਟ-ਪਟ ਆ ਜਾਣਾ ਏ।

ਉਹ ਇਹ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਸੜਕਾਂ, ਚੁਰਾਹਿਆਂ ਵਿਚ ਤਸਵੀਰਾਂ ਟੰਗਣ ਵਾਲੇ ਕੋਈ ਆਮ ਮਾਮੂਲੀ ਆਦਮੀ ਨਹੀਂ ਹੁੰਦੇ। ਉਨ੍ਹਾਂ ਕੋਲ ਹੋਰ ਵੀ ਸਾਰਾ ਸਾਮਾਨ ਹੁੰਦਾ ਏ, ਕਿਲ, ਜੰਜੀਰੀਆਂ, ਹਥੌੜੇ, ਪੌੜੀਆਂ, ਜ਼ਮੂਰ ਤੇ ਹੋਰ ਸਭ ਕੁਝ। ਤੇ ਉਹ ਇੰਨੇ ਜ਼ੋਰਦਾਰ, ਤਾਕਤਵਰ ਹੁੰਦੇ ਹਨ ਕਿ ਚਾਹੁਣ ਤਾਂ ਤਸਵੀਰ ਦੀ ਥਾਂ ਮਨੁਖ ਨੂੰ ਟੰਗ ਦੇਣ ਉਹ ਮੂੰਹ-ਸਿਰ ਛੁਪਾਂਦਾ ਹੌਲੀ ਹੌਲੀ ਉਥੋਂ ਖਿਸਕਿਆ ਤੇ ਲੋਕਾਂ ਦੇ ਹਜੂਮ ਚੋਂ ਦੂਰ ਵਡੀ ਇਮਾਰਤ ਦੀਆਂ ਪੌੜੀਆਂ 'ਚ ਜਾ ਖਲੋਤਾ।

"ਉਥੇ ਕੀ ਹੋ ਰਿਹਾ ਏ ?" ਪੌੜੀਆਂ 'ਚ ਖਲੋਤੇ ਆਦਮੀ ਨੇ ਪੁਛਿਆ ।

"ਪਤਾ ਨਹੀਂ—ਮੈਂ ਤਾਂ ਤੁਹਾਨੂੰ ਪੁਛਣ ਲਗਾ ਸਾਂ ਕਿ ਉਥੇ ਕੀ ਤਮਾਸ਼ਾ ਹੋ ਰਿਹਾ ਏ ?" ਉਸ ਨੇ ਰੁੱਖਾ ਜਿਹਾ ਜੁਆਬ ਦਿਤਾ ।

ਉਸ ਆਦਮੀ ਨੇ ਉਸ ਨੂੰ ਲੋਕਾਂ ਦੇ ਹਜੂਮ ਵਲੋਂ ਹੀ ਆਉਂਦੇ ਵੇਖਿਆ ਸੀ ਪਰ ਉਸ ਨੇ ਫਿਰ ਵੀ ਨਹੀਂ ਜਤਲਾਇਆ । ਕੁਝ ਦੇਰ ਬਾਅਦ ਰੌਲਾ-ਗੌਲਾ, ਹਲਚਲ, ਸ਼ੋਰ-ਸ਼ਰਾਬਾ ਇੰਝ ਦਬ ਗਿਆ ਜਿਵੇਂ ਪਾਣੀ ਪਾਇਆ ਤਤੀ-ਤਤੀ ਭੁਬਲ ਦਬ ਜਾਂਦੀ ਏ । ਸਾਰੇ ਹੀ ਲੋਕ ਤਿਤਰ-ਬਿਤਰ ਹੋ ਗਏ । ਉਸ ਦਾ ਗੁਆਂਢੀ ਤੇ ਉਹ ਕੁੜੀ ਉਥੇ ਹੀ ਖਲੋਤੇ ਰਹੇ । ਉਹ ਦੋਹੇਂ ਇਧਰ-ਉਧਰ ਵੇਖਦੇ ਸ਼ਾਇਦ ਉਸੇ ਨੂੰ ਢੂੰਡ ਰਹੇ ਸਨ । ਉਹ ਕਾਹਲਾ ਪੈ ਗਿਆ ਕਿ ਉਹ ਆਪਣੀ ਥਾਂ ਤੋਂ ਸੜਕ ਦੇ ਕਿਸੇ ਪਾਸੇ ਵਲ ਜਾਣ ਤਾਂ ਉਹ ਵੀ ਉਨ੍ਹਾਂ ਦੇ ਨਾਲ ਜਾ ਰਲੇ ।

ਅਖ਼ੀਰ ਉਹ ਦੋਵੇਂ ਹੀ ਆਪਣੀ ਥਾਂ ਤੋਂ ਟੁਰ ਪਏ ਤੇ ਉਹ ਵੀ ਕੁਝ ਤੇਜ਼ ਕਦਮ ਚਲ ਕੇ ਉਨ੍ਹਾਂ ਦੇ ਨਾਲ ਹੀ ਜਾ ਰਲਿਆ ।

"ਤੂੰ ਕਿਥੇ ਰਹਿ ਗਿਆ ਸੈਂ ?"

"ਫਿਰ ਦਸਾਂਗਾ, ਪਰ ਤੂੰ ਪਹਿਲਾਂ ਇਥੋਂ ਘਰ ਵਾਪਸ ਚਲ" ਉਸ ਨੇ ਕੁਝ ਘਾਬਰ ਕੇ ਜੁਆਬ ਦਿਤਾ ।

"ਕਿਉਂ ? ਕਿਉਂ ਵਾਪਸ ਕਿਉਂ ਘਰ ਚਲੀਏ ?"

"ਤੂੰ ਬੇਸ਼ਕ ਨਾ ਚਲ—ਪਰ ਮੈਂ ਘਰ ਵਾਪਸ ਪਰਤ ਰਿਹਾ ਹਾਂ ।"

"ਪਰ ਕੋਈ ਗਲ ਤਾਂ ਸਮਝ ਆਏ" ਗੁਆਂਢੀ ਤੇ ਕੁੜੀ ਦੋਹਾਂ ਹੀ ਇਕੱਠੇ ਕਿਹਾ ।

ਉਸ ਨੂੰ ਗੁਸਾ ਚੜ੍ਹ ਗਿਆ । ਉਹ ਗੁਆਂਢੀ ਤੇ ਕੁੜੀ ਨੂੰ ਪਿੱਛੇ ਛਡ ਘਰ ਵਾਪਸ ਪਰਤ ਆਇਆ ।

ਆਪਣੇ ਕਮਰੇ ਵਿਚ ਪੁਜ ਕੇ ਉਸ ਨੇ ਸੁਖ ਦਾ ਸਾਹ ਲਿਆ । ਸਚੀ ! ਉਸ ਦਾ ਦਿਲ ਬੜੇ ਜ਼ੋਰ ਨਾਲ ਧੜਕ ਰਿਹਾ ਸੀ ਤੇ ਦਿਮਾਗ ਸੁਨ ਹੋਇਆ ਸੀ, ਸਿਰ ਭਾਰਾ-ਭਾਰਾ ਹੋ ਗਿਆ ਸੀ ।

"ਤੂੰ ਚੰਗਾ ਆਦਮੀ ਏਂ...?"

ਉਸ ਦਾ ਤ੍ਰਾਹ ਨਿਕਲ ਗਿਆ । ਪਰ ਉਸ ਵੇਲੇ ਉਸ ਨੂੰ ਗੁਆਂਢੀ ਉੱਤੇ ਇੰਨ੍ਹਾਂ ਗੁਸਾ ਚੜ੍ਹਿਆ ਕਿ ਦਿਲ ਕੀਤਾ ਉਸ ਦੀ ਬੋਟੀ-ਬੋਟੀ ਕਰ ਦੇਵੇਂ । ਗੁਆਂਢੀ ਨੇ ਦੋ-ਤਿੰਨ ਵਾਰੀ ਉਸ ਨਾਲ ਗਲ ਵੀ ਕਰਨੀ ਚਾਹੀ ਪਰ ਉਸ ਨੇ ਕੋਈ ਵੀ ਜੁਆਬ ਨਾ ਦਿਤਾ ਤਾਂ ਉਹ ਵੀ ਚੁੱਪ ਕਰ ਕੇ ਬੈਠ ਗਿਆ ਤੇ ਸੋਚਣ ਲਗਾ ਕਿ ਉਸ ਨੂੰ ਕੁਝ ਵੀ ਪੁਛਣ ਦੀ ਲੋੜ ਨਹੀਂ । ਆਪੇ ਹੀ ਉਹ ਸਭ ਕੁਝ ਦਸ ਦੇਏਗਾ ਪਰ ਫਿਰ ਵੀ ਆਦਮੀ ਦਾ ਦਿਮਾਗ਼ ਤਾਂ ਅਜੀਬ ਚਾਲੂ ਚੀਜ਼ ਏ । ਘੋਖਦਾ ਰਹਿੰਦਾ ਏ । ਪਲਚਦਾ ਰਹਿੰਦਾ ਏ । ਕੰਢੇ ਵਾਂਗਰ ਸਰੀਰ ਵਿਚ ਰੜਕਦਾ ਰਹਿੰਦਾ ਏ ।

"ਤੂੰ ਹੁਣ ਆਪਣੇ ਘਰ ਜਾ-ਕਲ ਮਿਲੀਂ ਫਿਰ" ਉਸ ਕਿਹਾ ।

ਗੁਆਂਢੀ ਚੁਪ-ਚੁਪੀਤਾ ਉੱਠ ਕੇ ਟੁਰ ਗਿਆ ।

ਦੂਏ ਦਿਨ ਸ਼ਾਮ ਨੂੰ ਉਸ ਦਾ ਗੁਆਂਢੀ ਫਿਰ ਮਿਲਿਆ । ਮਿਲਦੇ ਹੀ ਉਸ ਨੇ

ਸੁਣਾਇਆ "ਕਲ ਵਾਲੀਆਂ ਸਾਰੀਆਂ ਤਸਵੀਰਾਂ ਉੱਤੇ ਹੋਰ ਵੀ ਅੱਖਰ ਲਿਖੇ ਗਏ ਨੇ। ਲਿਖਿਆ ਏ ਜੇ ਇਹ ਤਸਵੀਰ ਤੁਹਾਡੀ ਨਹੀਂ ਤਾਂ ਸਾਰਿਆਂ ਨੂੰ ਇਹੋ ਜਿਹੀ ਤਸਵੀਰ ਬਣਨਾ ਪਏਗਾ।

ਉਹ ਥੋੜਾ ਜਿਹਾ ਹਸਿਆ "ਇਹੋ ਕੁਝ ਹੋਣਾ ਏ ਹੁਣ...ਇਕ "ਇਕ ਆਦਮੀ ਰੁੱਖ ਕਟਦਾ ਏ, ਛਿੰਮਦਾ ਏ ਤਾਂ ਦੂਜੇ ਉਸ ਨੂੰ ਰੋਕਦੇ ਨੇ। ਜੇ ਸਾਰੇ ਹੀ ਕਟਣ ਲਗ ਪੈਣ ਤਾਂ ਕੋਈ ਨਾ ਕੋਈ ਤਾਂ ਰੋਕਣ ਵਾਲਾ ਪੈਦਾ ਹੋ ਹੀ ਜਾਂਦਾ ਏ। ਖਾਸ ਵਾਤਾਵਰਣ ਵਿਚ ਰਹਿੰਦੇ ਤੇ ਆਪਣੇ ਹੀ ਵਾਤਾਵਰਣ ਨੂੰ ਭੋਗਦੇ ਲੋਕ ਜਿਥੇ ਲੋੜ ਹੋਏ ਉਥੇ ਪਾਣੀ ਵੀ ਨਹੀਂ ਦਿੰਦੇ। ਜਿੱਥੇ ਲੋੜ ਨਾ ਹੋਏ ਉਥੇ ਲਹੂ ਡੋਲਣ ਨੂੰ ਤਿਆਰ ਹੋ ਜਾਂਦੇ ਹਨ।"

"ਇਕ ਹੋਰ ਗਲ ਪੜ੍ਹ ਕੇ ਆਇਆ" ਗੁਆਂਢੀ ਦਸਿਆ "ਅਜੇ ਤਾਂ ਹੋਰ ਬਹੁਤ ਪੜ੍ਹਨੀਆਂ ਨੇ—ਦਸ ਕੀ ਪੜ੍ਹ ਆਇਆਂ ਏਂ ਤੂੰ ?'

"ਮਹੀਨੇ ਦੇ ਅਖੀਰੀ ਦਿਨ ਇਕ ਜਲਸਾ ਹੋਇਆ ਕਰੇਗਾ। ਉਥੇ ਸਾਰਿਆਂ ਦੇ ਕੰਮਾਂ ਦਾ ਲੇਖਾ-ਜੋਖਾ ਹੋਇਆ ਕਰੇਗਾ। ਕਈਆਂ ਨੂੰ ਇਨਾਮ ਦਿਤੇ ਜਾਣਗੇ ਤੇ ਜਿਹੜੇ ਇਨਾਮ ਦੇ ਹਕਦਾਰ ਨਹੀਂ ਹੋਣਗੇ ਉਨ੍ਹਾਂ ਨੂੰ ਜਲਸੇ ਵਿਚ ਹੀ ਝਾੜਿਆ-ਝੰਬਿਆ ਜਾਏਗਾ, ਚੰਗੀ ਤਰ੍ਹਾਂ ਖਲ ਉਤਾਰੀ ਜਾਏਗੀ, ਭੰਡਿਆ ਜਾਏਗਾ।"

"ਇਨਾਮ ਕਿਹੜੀ-ਕਿਹੜੀ ਗਲ, ਕਿਹੜੇ-ਕਿਹੜੇ ਕੰਮਾਂ ਲਈ ਦਿਤੇ ਜਾਣਗੇ ?"

"ਬੜੀਆਂ ਗਲਾਂ ਨੇ, ਪਰ ਮੋਟੀ-ਮੋਟੀ ਸਾਧਾਰਣ ਗਲ ਏ ਜੇ ਇਨਾਮ ਉਸ ਨੂੰ ਮਿਲੇਗਾ ਜਿਹੜਾ ਸੜਕ ਦੇ ਨੁਕਸਾਨ ਤ੍ਰੇੜਾਂ, ਟੋਇਆਂ, ਟਿਬਿਆਂ ਦੀ ਖ਼ਬਰ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦਸੇਗਾ ਜੋ ਹਮੇਸ਼ਾ ਸ਼ਹਿਰ ਦੀ ਤਰਕੀ ਤੇ ਉਨਤੀ ਬਾਰੇ ਹੀ ਸੋਚਦੇ ਨੇ। ਇਨਾਮ ਉਸੇ ਨੂੰ ਮਿਲੇਗਾ ਜਿਹੜਾ ਹਮੇਸ਼ਾ ਦੇਸ਼ ਦੀ ਤਰਕੀ ਤੇ ਉਨਤੀ ਵਾਧੇ ਦੀਆਂ ਗੱਲਾਂ ਕਰਨਗੇ...। ਤੇ ਹੋਰ...ਹੋਰ ਉਸ ਨੂੰ ਜਿਹੜਾ ਆਪਣਾ ਕੰਮ ਕਾਜ ਛਡ ਕੇ ਦੂਜਿਆਂ ਦੀ ਸੇਵਾ ਵਿਚ ਆਪਣਾ ਜੀਵਨ ਸਫਲਾ ਕਰਨਾ ਆਪਣਾ ਪਰਮ-ਧਰਮ ਸਮਝੇਗਾ।"

"ਦੋਸਤਾ ! ਗੁਆਂਢੀ ਨੂੰ ਉਸ ਨੇ ਆਖਿਆ। ਜੀਵਨ ਵਿਚ ਨਿੱਕੇ, ਮੋਟੇ ਭੁਚਾਲ ਤਾਂ ਆਉਂਦੇ ਹੀ ਰਹਿੰਦੇ ਨੇ ਤੇ ਅਸੀਂ ਸਾਰੇ ਹੀ ਦੁਖ-ਸੁਖ ਜਰਦੇ ਹੀ ਰਹਿੰਦੇ ਹਾਂ ! ਪਰ ਹੁਣ ਆਉਣ ਵਾਲਾ ਭੁਚਾਲ ਖ਼ਬਰੇ ! ਜਰਨਾ ਬਹੁਤ ਹੀ ਮੁਸ਼ਕਲ ਹੋਏ। ਅਜ ਦਿਨ ਕਿਹੜਾ ਏ ?"

"ਅਜ ਮਹੀਨੇ ਦੇ ਅਖ਼ੀਰੀ ਦਿਨ ਤੋਂ ਪਹਿਲਾ ਦਿਨ ਏ", ਗੁਆਂਢੀ ਨੇ ਉਂਗਲੀਆਂ ਤੇ ਗਿਣਦੇ ਦਿਨ ਦਸਿਆ।

ਕਿੰਨੀ ਰੌਣਕ ਸੀ। ਕਿੰਨੇ ਬਿਜਲੀ ਦੀ ਚਮਕ ਸੀ। ਕਿੰਨੇ ਹੀ ਗੂੜੇ ਰੰਗ ਤੇ ਸ਼ੋਖ ਢੰਗ ਸਨ। ਜਿਵੇਂ ਇਸ ਜਹਾਨ ਦੇ ਸਭ ਤੋਂ ਸੋਹਣੇ ਲੋਕ ਇਥੇ ਹੀ ਇਕੱਠੇ ਹੋ ਗਏ ਹੋਣ। ਬੜੇ ਲੋਕ ਸਨ—ਬੜੀ ਰੌਣਕ ਸੀ, ਬੜਾ ਵਡਾ ਮੰਚ ਸੀ। ਲਗਦਾ ਸੀ ਜਿਵੇਂ ਇਹ ਸਾਰੇ ਲੋਕ ਇੰਦਰ ਪੁਰੀ ਦੇ ਵਾਸੀ ਹੋਣ ਤੇ ਇਥੇ ਆ ਇਕੱਠੇ ਹੋਏ ਹੋਣ। ਪਰ ਸਚ !...ਸਚ ਤਾਂ ਕੁਝ ਹੋਰ ਸੀ। ਸਚ ਤਾਂ ਬਹੁਤ ਦੂਰ ਸੀ...ਸਚ ਤਾਂ, ਉਨ੍ਹਾਂ ਨੂੰ ਵੇਖਣ ਲਈ, ਉਨ੍ਹਾਂ ਦੀਆਂ ਗਲਾਂ ਸੁਣਨ ਲਈ, ਮਿਠੀਆਂ-ਮਿਠੀਆਂ ਤਕਰੀਰਾਂ ਸੁਣਨ ਲਈ, ਉਨ੍ਹਾਂ ਦੇ ਚਿਕਨੇ-ਚੋਪੜੇ-ਤਿਲਕਣੇ, ਚਿੱਟੇ ਦੁੱਧ ਸਰੀਰ ਵੇਖਣ ਲਈ ਤੇ ਤਾੜੀਆਂ ਮਾਰ-ਮਾਰ ਆਪਣੇ ਹੱਥ ਲਹੂ-ਲੁਹਾਨ ਕਰਨ ਲਈ ਬੈਠਾ ਸੀ। ਸਾਹਮਣੇ ਦਿਖਣ ਵਾਲਾ ਸੱਚ ਸਟੇਜ ਦੇ ਉੱਤੇ ਬੈਠਾ ਸੀ। ਸੱਚ, ਅਸਲੀ ਸੱਚ ਸਟੇਜ ਦੇ ਹੇਠਾਂ ਬੈਠਾ ਸੀ।

ਹੇਠਾਂ ਬੈਠਾ ਸੱਚ ਐਵੇਂ ਹੀ ਬਿਨਾ ਕਿਸੇ ਕਾਰਣ ਦੇ ਜ਼ੋਰ-ਜ਼ੋਰ ਦੀਆਂ ਤਾੜੀਆਂ ਮਾਰਦਾ ਹੈਰਾਨਵੀ ਹੋ ਰਿਹਾ ਸੀ। ਸਟੇਜ ਤੋਂ ਜ਼ੋਰ ਨਾਲ ਇਕ ਅਵਾਜ਼ ਆਈ "ਤੁਸੀਂ ਸਾਰੇ ਤਾਂ ਸਾਡੇ ਸਿਰਾਂ ਦੇ ਤਾਜ ਹੋ। ਅਸੀਂ ਤੁਹਾਡੇ ਕਰਕੇ ਜ਼ਿੰਦਾ ਹਾਂ ਤੇ ਤੁਸੀਂ ਸਾਡੇ ਕਰ ਕੇ। ਸਾਡਾ ਤੁਹਾਡਾ ਤਾਂ ਰਿਸ਼ਤਾ-ਨਾਤਾ ਜੁਗਾਂ ਜੁਗਾਂਤਰ ਤੋਂ ਹੈ। ਅਸਲ ਵਿਚ ਇਹ ਜਲਸਾ ਸਾਡਾ ਨਹੀਂ...ਬਿਲਕੁਲ ਸਾਡਾ ਨਹੀਂ—ਇਹ ਤਾਂ ਤੁਹਾਡੇ ਲਈ ਇਕ ਤਿਉਹਾਰ ਏ। ਤੁਹਾਡੇ ਆਖਣ ਤੇ ਹੀ ਇਹ ਜਲਸਾ ਕੀਤਾ ਏ ਸਿਰਫ਼ ਤੁਹਾਡੇ ਲਈ—"

ਜਿਹੜਾ ਆਦਮੀ ਜ਼ੋਰ—ਜ਼ੋਰ ਦੀ ਭਾਸ਼ਨ ਦੇ ਰਿਹਾ ਸੀ ਉਹ ਪਛਾਣਨ ਨਹੀਂ ਸੀ ਹੁੰਦਾ। ਉਸ ਨੇ ਐਸਾ ਮੁਖੌਟਾ ਚਾੜ੍ਹਿਆ ਸੀ ਕਿ ਨਾ ਅਸਲ ਦਿਸੇ ਤੇ ਨਾ ਹੀ ਨਕਲ ਦਾ ਪਤਾ ਲਗੇ। ਤੇ ਫਿਰ ਅਸਲੀ ਵੀ ਦਿਸੇ ਤੇ ਨਕਲੀ ਵੀ।

ਤਾੜੀਆਂ ਇੰਨੀਆਂ ਵਜੀਆਂ ਕਿ ਧਰਤੀ-ਅੰਬਰ ਦੋਹੇਂ ਕੰਬ ਗਏ। ਤਾੜੀਆਂ ਦੀ ਗੂੰਜ ਕਾਰਣ ਅਗਲਾ ਪ੍ਰੋਗਰਾਮ ਰੁੱਕ ਗਿਆ।

ਅਗਲਾ ਪ੍ਰੋਗਰਾਮ ਸ਼ੁਰੂ ਹੋਇਆ। ਇਕ ਤ੍ਰਿਖੇ ਨੈਣ-ਨਕਸ਼ਾਂ, ਗੁਥਿਆ ਜਿਸਮ, ਸੋਹਣੀ, ਮਨਮੋਹਣੀ ਜਿਹੜੀ ਮਰਦ ਵਾਂਗ ਹੀ ਲਗਦੀ ਸੀ ਸਟੇਜ ਦੇ ਉਤੇ ਬੈਠੇ ਆਦਮੀਆਂ ਵਿਚ ਖਲੋਅ ਗਈ ਤੇ ਚੁਰਤਫ਼ੀ ਧਿਆਨ ਨਾਲ ਵੇਖਿਆ। ਫਿਰ ਉਸ ਨੇ ਸਟੇਜ ਦੇ ਇਕ ਸਿਰੇ ਉੱਤੇ ਪਹੁੰਚ ਕੇ ਆਖਿਆ "ਹੁਣ ਕਿੰਨੀ ਸ਼ਾਂਤੀ ਏ...! ਕਿੰਨਾ ਆਰਾਮ ਏ—ਕਿੰਨੀ ਚੁੱਪ ਏ, ਠਹਿਰਾ ਏ। ਇਹ ਸਾਰਾ ਕੁਝ ਤਾਂ ਤਦੇ ਹੀ ਹੋ ਸਕਦਾ ਏ ਜੇ ਅਸਾਂ ਸਾਰਿਆਂ ਰਲ-ਮਿਲ ਕੇ ਜ਼ੋਰ ਲਗਾਇਆ ਏ ਇਹ ਅਸਾਂ ਸਾਰਿਆਂ ਦੀ ਮਿਲਵਰਤਣ ਦਾ ਹੀ ਨਤੀਜਾ ਏ। ਸਾਰਿਆਂ ਹੀ ਪੂਰੀ ਲਗਨ, ਮਿਹਨਤ ਤੇ ਜਨੂੰਨ ਨਾਲ ਸਾਰਾ ਕੰਮ ਸਾਂਭਿਆ ਹੈ। ਅਜ ਦਾ ਇਹ ਸ਼ੁਭ ਜਸ਼ਨ ਇਸ ਸੋਹਣੇ, ਸਾਫ਼-ਸੁਥਰੇ ਤੇ ਸ਼ਾਂਤ ਨਗਰ ਵਿਚ ਇਕ ਇਤਹਾਸਕ ਜਸ਼ਨ ਦੇ ਤੌਰ ਤੇ ਹਮੇਸ਼ਾਂ ਹੀ ਯਾਦ ਕੀਤਾ ਜਾਏਗਾ। ਇਤਹਾਸ ਦੇ ਪੰਨਿਆਂ ਵਿਚ ਸੁਨਹਿਰੀ ਅਖਰਾਂ ਨਾਲ ਲਿਖਿਆ ਜਾਏਗਾ। ਕਈਆਂ ਲੋਕਾਂ ਤਾਂ ਨਗਰ ਵਿਚ ਇਹੋ ਜਿਹੀ ਸਥਿਤੀ ਤੇ ਵਾਤਾਵਰਣ ਪੈਦਾ ਕਰਨ ਲਈ ਆਪਣਾ ਸਭ ਸੁਖ, ਆਰਾਮ, ਨੀਂਦਰ ਸਭ ਕੁਝ ਤਿਆਗ ਛਡਿਆ ਏ। ਫਿਰ ਉਸ ਨੇ ਉਹੋ ਜਿਹੇ ਮਹਤਵ ਪੂਰਨ ਆਦਮੀਆਂ ਚੋਂ ਇਕ ਦਾ ਨਾਂ ਜ਼ੋਰ ਦੀ ਲਿਆ।

ਉਹ ਨਾਂ ਤਾਂ ਸਾਰਿਆਂ ਲਈ ਬੜਾ ਪੁਰਾਣਾ ਸੀ। ਸਾਰਿਆਂ ਨੇ ਉਹ ਨਾਂ ਸੁਣਿਆਂ ਹੋਇਆ ਸੀ ਪਰ ਜਿਹੜਾ ਆਦਮੀ ਸਟੇਜ ਉਤੇ ਆਇਆ ਉਹ ਸਾਰਿਆਂ ਲਈ ਨਵਾਂ ਸੀ। ਕਿਸੇ ਦਾ ਜਾਣੂ ਨਹੀਂ ਸੀ। ਨਵੇਂ ਆਦਮੀ ਨੇ ਸਟੇਜ ਉੱਤੇ ਆ ਕੇ ਇੰਝ ਹੱਥ ਜੋੜ ਕੇ ਸਿਰ ਨਿਵਾਇਆ ਜਿਵੇਂ ਉਹ ਮੰਦਰ ਵਿਚ ਜੋੜਦਾ ਹੋਣਾ ਏ। ਫਿਰ ਉਸ ਜ਼ਨਾਨੀ ਨੇ ਉਸ ਦੇ ਗੱਲ ਮਾਲਾ ਪਾਈ ਜਿਸ ਵਿਚ ਸੋਨੇ ਦੇ ਬਣਾਏ ਕਣਕ ਦੇ ਦਾਣੇ ਸਨ। ਉਸ ਦੇ ਸਿਰ ਉੱਤੇ ਇਕ ਜੜਾਊ ਟੋਪੀ ਪੁਆਈ। ਤਾੜੀਆਂ ਫਿਰ ਜ਼ੋਰ ਨਾਲ ਵਜੀਆਂ।

ਗੁਆਂਢੀ ਨੇ ਆਖਿਆ "ਤੂੰ ਤਾੜੀ ਕਿਉਂ ਨਹੀਂ ਮਾਰਦਾ ?"

"ਇਸ ਆਦਮੀ ਨੂੰ ਤੂੰ ਪਛਾਣਿਆ ਨਹੀਂ ?" ਉਸ ਪੁਛਿਆ।

"ਨਹੀਂ, ਮੈਂ ਤਾਂ ਨਹੀਂ ਪਛਾਣ ਸਕਿਆ।"

"ਇਹ ਉਹੀ ਆਦਮੀ ਏ ਜਿਸ ਨੇ ਇਕ ਦਿਨ ਚੌਂਕ ਦੇ ਜਲਸੇ ਵਿਚ ਆਖਿਆ ਸੀ" ਮੇਰੇ ਆਦਰਸ਼ ਗੁਆਚ ਗਏ ਨੇ...ਮੇਰੀ ਚੋਰੀ ਹੋ ਗਈ ਏ।"

ਸਟੇਜ ਵਲੋਂ ਫਿਰ ਉਸ ਜ਼ਨਾਨੀ ਦੀ ਅਵਾਜ਼ ਆਈ "ਤੁਸਾਂ ਲੋਕਾਂ ਨੂੰ ਪਤਾ ਲਗਣਾ ਚਾਹੀਦਾ ਏ ਕਿ ਇਸ ਸਾਹਬ ਨੇ ਤੁਹਾਡੇ ਸਾਰਿਆਂ ਲਈ ਦੁਖਾਂ ਦੀਆਂ ਕਿੰਨੀਆਂ ਭਠੀਆਂ ਦੀ ਅੱਗ ਤਪੀ ਏ। ਆਦਰਸ਼ਾਂ ਨੂੰ ਢੂੰਢਣਾ ਤੇ ਅਪਨਾਉਣਾ ਇਵੇਂ ਹੈ ਜਿਵੇਂ ਸਮੁੰਦਰ ਦੀ ਤਹਿ ਚੋਂ ਕੋਈ ਮੋਤੀ ਕਢ ਲਿਆਏ। ਇਸ ਦੀ ਦੋ ਵਾਰੀ ਚੋਰੀ ਵੀ ਹੋਈ ਦੋਹਾਂ ਵਾਰੀ ਇੰਨਾਂ ਫਿਰ ਚੁਭੀਆਂ ਮਾਰੀਆਂ, ਗ਼ੋਤੇ ਖਾਧੇ, ਥੱਕ ਗਏ, ਹਫ਼ ਗਏ ਪਰ ਆਦਰਸ਼ਾਂ ਦੀ ਲਗਨ ਨਹੀਂ ਛਡੀ। ਹੁਣ ਤੀਕ ਵੀ ਇਹ ਆਪਣੇ ਇਕਰਾਰ ਤੇ ਲਗਨ ਨਾਲ ਬਝੇ ਤੁਹਾਡੇ ਲਈ ਨਵੇਂ-ਨਵੇਂ ਆਦਰਸ਼ ਢੂੰਡਦੇ ਹਨ।"

ਇਨਾਮ ਵੰਡਣ ਦਾ ਇਕ ਸਿਲਸਿਲਾ ਫਿਰ ਚਲਿਆ ਤੇ ਬਹੁਤ ਸਾਰੇ ਲੋਕਾਂ ਨੂੰ ਇਨਾਮ ਮਿਲੇ ਤੇ ਉਨ੍ਹਾਂ ਦੇ ਗੁਣ ਗਾਏ ਗਏ—?

"ਇੰਨ੍ਹਾਂ ਘਰ ਘਰ, ਫਿਰ-ਫਿਰ ਕੇ ਲੋਕਾਂ ਦੀ ਆਪਸ ਵਿਚ ਸਦ-ਭਾਵਨਾ ਤੇ ਪਿਆਰ ਦਾ ਪਤਾ ਡਾਟਾ ਤਿਆਰ ਕੀਤਾ ਏ—"

ਤਾੜੀਆਂ ਖ਼ੂਬ ਗੂੰਜੀਆਂ।

"ਇੰਨਾਂ ਦਰ-ਦਰ ਫਿਰ ਕੇ ਲੋਕਾਂ ਦੀ ਦਿਮਾਗ਼ੀ ਹਾਲਤ ਦਾ ਪਤਾ ਲਗਾ ਕਿ ਗਿਣਤੀ ਕੀਤੀ ਏ ?"

ਤਾੜੀਆਂ ਹੋਰ ਜ਼ੋਰ ਦੀਆਂ ਤਾੜੀਆਂ।

"ਇੰਨ੍ਹਾਂ ਹਰ ਥਾਂ, ਹਰ ਕੂਚੇ ਫਿਰ-ਫਿਰ ਕਿ ਚਿੱਠੇ ਤਿਆਰ ਕੀਤੇ ਨੇ ਕਿ ਸ਼ਹਿਰ ਵਿਚ ਬਿਨਾਂ ਬਾਹਵਾਂ ਵਾਲੇ ਕਿੰਨੇ ਲੋਕ ਕੰਮ ਕਰਦੇ ਨੇ ਤੇ ਕਿੰਨੇ ਬਾਹਵਾਂ ਵਾਲੇ ਵੀ ਕੰਮ ਨਹੀਂ ਕਰਦੇ।"

ਇੰਨ੍ਹਾਂ ਦੀ ਸੇਵਾ ਨੂੰ ਤਾਂ ਲੋਕ ਜੁਗਾਂ ਤੀਕ ਨਹੀਂ ਭੁਲ ਸਕਦੇ।

"ਇੰਨ੍ਹਾਂ ਸ਼ਹਿਰ ਚੋਂ ਭੁੱਖ-ਨੰਗ ਦੂਰ ਕਰਨ ਦਾ ਇਕ ਨਕਸ਼ਾ ਤਿਆਰ ਕੀਤਾ ਹੈ। ਉਹ ਨਕਸ਼ਾ ਹੁਣ ਤੀਕ ਤਾਂ ਸਿਰਫ਼ ਉੱਥੇ ਹੀ ਕੰਮ ਆ ਸਕਦਾ ਹੈ ਜਿਥੇ ਭੁਖ-ਨੰਗ ਨਾ

ਹੋਏ। ਪਰ ਜਲਦੀ ਹੀ ਥੋੜੀ ਬਹੁਤੀ ਤਬਦੀਲੀ ਕਰਕੇ ਉਹ ਨਕਸ਼ਾ ਸਾਡੇ ਸਾਰਿਆਂ ਦੇ ਕੰਮ ਆਏਗਾ..."

ਤਾੜੀਆਂ...ਜ਼ੋਰ ਜ਼ੋਰ ਦੀਆਂ ਤਾੜੀਆਂ ਵਜੀਆਂ।

"ਤੇ ਹੁਣ ਇਹ ਸਾਹਬ ਨੇ, ਇਹ ਸਾਹਬ ਕਰੋੜ ਪਤੀ ਨੇ, ਚਾਹੁਣ ਤਾਂ ਸੰਸਾਰ ਨੂੰ ਸਭ ਕੁਝ ਦੇ ਸਕਦੇ ਨੇ ਪਰ ਇੰਨ੍ਹਾਂ ਨੂੰ ਇਹ ਦੁਖ ਏ ਕਿ ਕਈ ਆਦਮੀਆਂ ਕੋਲ ਜ਼ਿੰਦਗੀ ਦੀ ਸੁਵਿਧਾ ਲਈ ਕੋਈ ਚੀਜ਼ ਵੀ ਨਹੀਂ। ਇਹ ਇਸੇ ਗ਼ਮ ਵਿਚ ਸਿਰਫ਼ ਇਕੋ ਵੇਲੇ ਰੋਟੀ ਖਾਂਦੇ ਨੇ। ਇੰਨ੍ਹਾਂ ਕੋਲ ਸੁਖਾਂ ਦੇ ਭੰਡਾਰ ਨੇ ਪਰ ਉਹ ਸਿਰਫ਼ ਇਕੋ ਵੇਲੇ ਖਾ ਕੇ ਸਾਰਾ ਦਿਨ ਭੁਖੇ ਰਹਿੰਦੇ ਨੇ।"

ਫਿਰ ਤਾੜੀਆਂ ਵਜੀਆਂ।

ਜਲਸਾ ਮੁਕ ਗਿਆ ਪਰ ਕਈ ਲੋਕ ਤਾਂ ਵੀ ਬੈਠੇ ਰਹੇ। ਸਟੇਜ ਉਤੋਂ ਇਕ ਹੋਰ ਅਵਾਜ਼ ਆਈ "ਜਲਸਾ ਖ਼ਤਮ ਏ...ਸਾਰੇ ਲੋਕ ਆਪੋ ਆਪਣੇ ਘਰਾਂ ਨੂੰ ਜਾਣ। ਜਿਹੜੇ ਨਹੀਂ ਜਾਣਗੇ ਉਨ੍ਹਾਂ ਨੂੰ ਜ਼ਬਰਦਸਤੀ ਉਠਾਇਆ ਜਾਏਗਾ।"

ਲੋਕਾਂ ਇਸ ਏਲਾਨ ਲਈ ਵੀ ਬੜੀਆਂ ਤਾੜੀਆਂ ਮਾਰੀਆਂ ਤੇ ਉੱਠ ਕੇ ਟੁਰ ਗਏ।

"ਅਸੀਂ ਵੀ ਚਲੀਏ..." ਗੁਆਂਢੀ ਨੇ ਆਖਿਆ।

"ਥੋੜਾ ਚਿਰ ਠਹਿਰ...ਹੁਣ ਤਾਂ ਕੁਝ ਵੇਖਣ ਦਾ ਵੇਲ਼ਾ ਏ—ਪਰ ਸਾਨੂੰ ਛੁੱਪ ਕੇ ਵੇਖਣਾ ਪਏਗਾ।"

ਦੋਹੋਂ ਹਨੇਰੇ ਵਿਚ ਖਲੋਤੇ ਇਧਰ-ਉਧਰ ਵੇਖਦੇ ਰਹੇ। ਫਿਰ ਉਸ ਕਿਹਾ "ਇਸ ਰੁੱਖ ਉਤੇ ਚੜ ਕੇ ਛੁੱਪ ਜਾਈਏ ਤੇ ਵੇਖੀਏ ?"

ਪਰ ਉਸ ਦੇ ਤਾਂ ਪੱਤਰ ਕਾਗਜ਼ੀ ਨੇ, 'ਕੜ-ਕੜ' ਦਾ ਸ਼ੋਰ ਹੋਏਗਾ" ਗੁਆਂਢੀ ਨੇ ਕਿਹਾ।

"ਚੜ ਕੇ ਤਾਂ ਵੇਖੀਏ।" ਉਸ ਨੇ ਦੋ-ਚਾਰ ਗਜ਼ ਚੜ ਕੇ ਕਿਹਾ।

"ਸਟੇਜ ਉਤੇ ਵੀ ਛੇੜ-ਛਾੜ, ਸ਼ੋਰ-ਸ਼ਰਾਬਾ ਸੀ। ਪਤਰਾਂ ਦੀ 'ਕੜ ਕੜ' ਸ਼ੋਰ ਵਿਚ ਹੀ ਰਲ ਗਈ। ਉਹ ਰੁੱਖ ਦੀ ਟੀਸੀ ਉੱਤੇ ਜਾ ਕੇ ਬੈਠ ਗਏ।

ਸਟੇਜ ਤੋਂ ਉਤਰ ਕੇ, ਇਨਾਮ ਲੈਣ ਵਾਲਿਆਂ ਤੇ ਦੇਣ ਵਾਲਿਆਂ ਦੋਹਾਂ ਨੇ ਆਪੋ-ਆਪਣੇ ਮਖੌਟੇ ਉਤਾਰੇ, ਕਪੜੇ ਉਤਾਰੇ ਤੇ ਇਕ ਦੂਜੇ ਦੇ ਗੱਲ ਘੁੱਟ-ਘੁੱਟ ਕੇ ਮਿਲੇ।

"ਮੈਨੂੰ ਤਾਂ ਸ਼ਰਮ ਆ ਰਹੀ ਏ" ਗੁਆਂਢੀ ਨੇ ਕਿਹਾ।

"ਨੰਗੇ ਲੋਕ ਵੇਖ ਕੇ ?"

"ਹਾਂ ਨੰਗੇ ਵੇਖ ਕੇ।"

"ਪਰ ਇਹ ਸਾਰੇ ਲੋਕ ਤੂੰ ਪਛਾਣਦਾ ਏਂ ?" ਉਸ ਨੇ ਪੁਛਿਆ।

"ਕਿਧਰੇ ਵੇਖੇ ਹੋਏ ਲਗਦੇ ਨੇ" ਗੁਆਂਢੀ ਨੇ ਕਿਹਾ।

"ਇਹ ਸਾਰੇ ਉਹੀ ਨੇ ਜਿਹੜੇ ਫਾਰਮ ਭਰਾਂਦੇ ਸਨ ਤੇ ਮਖੌਟੇ ਵੇਚਦੇ ਸਨ।"

ਅਧੀ ਰਾਤ ਵੀ ਹੋ ਗਈ। ਪਹੁ ਵੀ ਫੁਟੀ, ਪਰ ਮਖੌਟਿਆਂ ਵਾਲੇ ਸਭ ਲੋਕ ਉਥੇ ਹੀ ਇਕੱਠੇ ਰਹੇ। ਉਹ ਦੋਹੇਂ ਰੁੱਖ ਦੀ ਟੀਸੀ ਉੱਤੇ ਬੈਠੇ ਬੈਠੇ ਥਕ ਵੀ ਗਏ ਤੇ ਵੇਖ-ਵੇਖ ਤੰਗ ਵੀ ਪੈ ਗਏ। ਅਖੀਰ ਦੋਹੇਂ ਹੇਠਾਂ ਉਤਰੇ। ਧਰਤੀ ਉੱਤੇ ਪੈਰ ਰਖਦੇ ਹੀ ਦੋ ਜਣਿਆਂ ਨੇ ਉਨ੍ਹਾਂ ਨੂੰ ਫੜ ਲਿਆ। ਇਕ ਨੇ ਮੋਟੀ ਜਿਹੀ ਗਾਹਲੀ ਕਢਦੇ ਪੁਛਿਆ "ਕਿਸ ਨੂੰ ਪੁੱਛ ਕੇ ਰੁੱਖ ਉਤੇ ਚੜ੍ਹੇ ਸੀ ?"

"ਅਸੀਂ ਤਾਂ ਰੁੱਖ ਉਤੇ ਚੜ੍ਹਨ ਲਈ ਪੁਛਣਾ ਚਾਹੁੰਦੇ ਸਾਂ ਪਰ ਉਸ ਵੇਲੇ ਇਥੇ ਕੋਈ ਵੀ ਨਹੀਂ ਸੀ" ਗੁਆਂਢੀ ਨੇ ਜੁਆਬ ਦਿਤਾ।

"ਤਾਂ ਤੁਸਾਂ ਸਭ ਕੁਝ ਵੇਖ ਲਿਆ ਏ ?"

"ਬੜਾ ਮਜ਼ਾ ਆਇਆ, ਮਨ ਪਰਸੰਨ ਹੋ ਗਿਆ" ਉਸ ਨੇ ਕਿਹਾ।

ਉਹ ਫਿਰ ਹਸਿਆ "ਤਾਂ ਤੁਸੀਂ ਦੋਹੇਂ ਇਨ੍ਹਾਂ ਲੋਕਾਂ ਦੇ ਇਕੱਠ ਵਿਚ ਹੀ ਸ਼ਾਮਲ ਹੋ ਜਾਉ।"

"ਕੋਈ ਰਲਾਏ ਤਾਂ ਉਸੇ ਇਕੱਠ ਵਿਚ ਰਲ ਵੀ ਜਾਵਾਂਗੇ" ਗੁਆਂਢੀ ਨੇ ਕਿਹਾ।

ਉਨ੍ਹਾਂ ਵਿਚੋਂ ਇਕ ਆਦਮੀ ਦੌੜਦਾ ਗਿਆ ਤੇ ਦੋ ਮੁਖੌਟੇ ਚੁਕ ਲਿਆਇਆ "ਔ ਲਉ ਮੁਖੌਟੇ, ਚਾਹੜ ਲਉ ਤੇ ਤੁਸੀਂ ਸਾਡੇ ਸਾਰਿਆਂ ਨਾਲ ਰਲ ਗਏ ਹੋ। ਰਸਤੇ ਵਿਚ ਜੇਕਰ ਹੋਰ ਕੋਈ ਮਿਲੇ ਤਾਂ ਕਹਿਣਾ ਕਿ ਤੁਸੀਂ ਦੋਹੇਂ ਨਗਰ ਦੀ ਤਰਕੀ ਤੇ ਵਾਧੇ ਲਈ ਮੁਖੌਟੇ ਵਾਲਿਆਂ ਦਾ ਹਰ ਕੰਮ ਕਰਦੇ ਹੋ। ਹੁਣ ਜਾਉ..."

ਦੋਹਾਂ ਮੁਖੌਟੇ ਪਾ ਲਏ। ਉਹ ਦੋਹੇਂ ਆਦਮੀ ਟੁਰ ਗਏ ਤਾਂ ਝਟ ਹੀ ਦੋਹਾਂ ਨੇ ਮੁਖੌਟੇ ਉਤਾਰ ਦਿਤੇ।

"ਕੀ ਗਲ-ਤੂੰ ਕਿਉਂ ਉਤਾਰ ਦਿਤਾ ਏ ਮੁਖੌਟਾ ?" ਗੁਆਂਢੀ ਪੁਛਿਆ।

"ਮੈਨੂੰ ਇੰਝ ਲਗਿਆ ਸੀ ਜਿਵੇਂ ਮੈਂ ਟੁਰਨਾ ਭੁਲ ਗਿਆ ਹੋਵਾਂ।"

"ਮੈਨੂੰ ਲਗਿਆ ਸੀ, ਮੈਂ ਬੋਲਣਾ ਹੀ ਭੁਲ ਗਿਆਂ ਹੋਵਾਂ।" ਗੁਆਂਢੀ ਬੋਲਿਆ।

ਦੋਹੇਂ ਇਵੇਂ ਹੀ ਟੁਰੀ ਚਲਨੇ ਆਂ। "ਰਸਤੇ ਵਿਚ ਕੋਈ ਮਿਲਿਆ, ਤਾਂ ਝਟ ਘੜੀ ਫਿਰ ਪਾ ਲਵਾਂਗੇ" ਉਸ ਨੇ ਸਲਾਹ ਦਸੀ।

# 6

ਸੜਕ ਦੇ ਕੰਢੇ, ਹਰ ਕਦਮ-ਕਦਮ ਉਤੇ, ਵਡੇ ਬਜ਼ਾਰ ਦੀ ਹਰ ਵਡੀ ਛੋਟੀ ਦੁਕਾਨ ਉੱਤੇ, ਗਲੀ ਦੇ ਹਰ ਮੋੜ ਉੱਤੇ, ਹਰ ਘਰ ਉਤੇ, ਹਰ ਨੁੱਕਰ ਉਤੋਂ ਬਹੁਤ ਕੁਝ ਲਿਖ ਕੇ ਲਗਾਇਆ ਗਿਆ ਸੀ। ਤੇ ਲਿਖੇ ਹੋਏ ਨੂੰ ਪੜ੍ਹਨ ਤੇ ਸਮਝਣ ਲਈ ਥਾਂ ਥਾਂ ਢੰਡੋਰਾ ਵੀ ਪਿਟਵਾਇਆ ਜਾ ਰਿਹਾ ਸੀ। ਜੋ ਕੁਝ ਲਿਖਿਆ ਸੀ, ਉਹ ਤਾਂ ਕਿਧਰੇ ਵੀ ਨਹੀਂ ਸੀ ਦਿਸਦਾ ਤੇ ਜੋ ਹਰ ਥਾਂ ਦਿਸਦਾ ਸੀ ਉਹ ਕਿਧਰੇ ਲਿਖਿਆ ਹੋਇਆ ਨਹੀਂ ਸੀ। ਲੋਕ ਕਾਗਜ਼ਾਂ ਉੱਤੇ ਲਿਖਿਆ ਵੇਖਦੇ ਤੇ ਲੰਘਦੇ ਜਾਂਦੇ। ਕੋਈ ਅੱਧ-ਪਚੱਧੇ ਲਫ਼ਜ਼ ਪੜ੍ਹ ਕੇ ਛਡ ਦਿੰਦੇ। ਕੋਈ ਪੜ੍ਹਦੇ ਵੀ ਤਾਂ ਹੱਸ ਕੇ ਲੰਘ ਜਾਂਦੇ।

ਚੱਪੇ-ਚੱਪੇ, ਕੋਨੇ-ਕੋਨੇ ਉਤੇ ਲਿਖ ਕੇ ਲਗਾਣ ਨਾਲ ਇਕ ਤਬਦੀਲੀ ਜ਼ਰੂਰ ਆਈ ਸੀ। ਕੁਝ ਲੋਕ ਆਪਣੇ ਆਪ ਨੂੰ ਤਸਲੀ ਦੇਣ ਲਈ ਲਿਖਤ ਦਾ ਜ਼ਿਕਰ ਕਰਨ ਲਗੇ, ਬਹਿਸ ਕਰਨ ਲਗੇ, ਕਈ ਲੋਕ ਲਿਖਤ ਦੇ ਝੂਠ ਨੂੰ ਸਮਝਣ ਦਾ ਜਤਨ ਕਰਨ ਲਗੇ। ਇਸ ਲਿਖਤ ਨੇ ਲੋਕਾਂ ਨੂੰ ਦੋ ਹਿਸਿਆਂ ਵਿਚ ਵੰਡ ਛਡਿਆ। ਉਸ ਲਿਖਤ ਬਾਰੇ ਹੁਣ ਆਮ ਗੱਲਾਂ ਹੋਣ ਲਗੀਆਂ, ਬਹਿਸਾਂ ਹੋਣ ਲਗੀਆਂ।

ਹਰ ਮਹੀਨੇ ਦੇ ਆਖ਼ਰ ਦਿਨ ਜਲਸਾ ਹੁੰਦਾ ਸੀ। ਉਨ੍ਹਾਂ ਵਿਚ ਇਨਾਮ ਦੇਣ ਤੇ ਲੈਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਸੀ। ਜਿਨ੍ਹਾਂ ਨੂੰ ਇਨਾਮ ਮਿਲੇ ਹੁਣ ਉਹ ਕਦੇ-ਕਦੇ ਬਜ਼ਾਰ ਜਾਂ ਸੜਕ ਜਾਂ ਗਲੀ ਵਿਚ ਨੰਗੇ ਹੀ ਟਹਿਲਣ ਲਗੇ। ਇਨਾਮੀ ਆਦਮੀ ਨਿਝਕ ਹੋ ਕੇ ਨੰਗਾ ਟਹਿਲ ਸਕਦਾ ਏ, ਸ਼ਾਇਦ ਇਹ ਵੀ ਇਕ ਨਿਯਮ ਹੀ ਸੀ।

ਕਿਸ ਜਾਲ ਨੂੰ ਕਸਣ ਲਈ ਜ਼ਿਆਦਾ ਖਿਚੋ ਤਾਂ ਉਹ ਟੁੱਟ ਜਾਂਦਾ ਏ। ਪਰ ਖਿੱਚ ਅਜੇ ਪੂਰੀ ਨਹੀਂ ਲਗੀ, ਗੁਆਂਢੀ ਨੇ ਕਿਹਾ।

"ਪਰ ਜਿਹੜੀ ਚੀਜ਼ ਆਪਣੀ ਏ, ਉਸ ਨੂੰ ਘੜੀ-ਮੁੜੀ ਕਹਿੰਦੇ ਰਹੁ ਆਪਣੀ ਏ—ਆਪਣੀ ਏ, ਕਿੰਨਾ ਹੋਛਾ ਲਗਦਾ ਏ।" ਗੁਆਂਢੀ ਨੇ ਕਿਹਾ

"ਹੁਣ ਹੋਰ ਕੀ ਆਪਣਾ ਹੋ ਗਿਆ ਏ ?" ਉਸ ਪੁਛਿਆ।

"ਹੁਣ-ਹੁਣ, ਲਿਖ-ਲਿਖ ਕੇ ਸੜਕ ਦੀਆਂ ਛਾਤੀਆਂ ਵੀ ਭਰ ਛਡੀਆਂ ਨੇ।"

"ਕੀ ਲਿਖ-ਲਿਖ ਕੇ ?"

"ਸੜਕ ਆਪਣੀ ਏ। ਇਸ ਨੂੰ ਆਪਣੀ ਹੀ ਸਮਝੋ। ਗਲੀਆਂ ਆਪਣੀਆਂ ਨੇ—

ਇਨ੍ਹਾਂ ਨੂੰ ਆਪਣੀਆਂ ਹੀ ਸਮਝੋ । ਬਿਜਲੀ ਵਾਲੇ ਖੰਭੇ ਵੀ ਆਪਣੇ ਹੀ ਨੇ—ਇਨ੍ਹਾਂ ਨੂੰ ਆਪਣਾ ਹੀ ਸਮਝੋ..."

ਸੁਣ ਕੇ ਉਹ ਹਸਿਆ, "ਸਾਡੇ ਸ਼ਹਿਰ ਵਿਚ ਅਕਸਰ ਆਦਮੀ ਨੂੰ ਆਪਣੀ ਤੇ ਪਰਾਈ ਚੀਜ਼ ਦੀ ਪਛਾਣ ਨਹੀਂ । ਸ਼ਾਇਦ ਇਸੇ ਲਈ ਲਿਖਿਆ ਏ । ਕਈ ਵਾਰੀ ਸੁਣਨ ਵਿਚ ਆਉਂਦਾ ਏ ਕਿ ਕਿਸੇ ਆਦਮੀ ਦੀਆਂ ਅੱਖਾਂ ਕਿਸੇ ਨੇ ਚੁਰਾ ਲਈਆਂ । ਉਹ ਅੰਨੇ ਹੋਏ ਦਰ-ਦਰ ਖਜਲ ਖੁਆਰ ਹੁੰਦੇ ਰਹੇ ਪਰ ਇਹ ਮਹਿਸੂਸ ਹੀ ਨਹੀਂ ਕਰ ਸਕੇ ਕਿ ਉਨ੍ਹਾਂ ਦੀਆਂ ਅੱਖਾਂ ਚੁਰਾਈਆਂ ਗਈਆਂ ਨੇ । ਇੰਝ ਹੀ ਸੜਕਾਂ, ਗਲੀਆਂ, ਬਜ਼ਾਰਾਂ ਤੇ ਬਿਜਲੀ ਦੇ ਖੰਭਿਆਂ ਤੋਂ ਹੀ ਪਤਾ ਲਗਣਾ ਏ ਕਿ ਸਭੋ ਕੁਝ ਆਪਣਾ ਹੀ ਏ ।"

"ਇਹ ਸਭ ਕੁਝ ਇਸ ਵੇਲੇ ਆਪਣਾ ਨਹੀਂ ?" ਗੁਆਂਢੀ ਨੇ ਪੁਛਿਆ ।

"ਨਹੀਂ, ਆਪਣਾ ਕੁਝ ਵੀ ਨਹੀਂ ।"

"ਫਿਰ ਕਿਸ ਦਾ ਏ ?"

"ਮੁਖੌਟੇ ਵਾਲਿਆਂ ਦਾ...ਇਨਾਮਾਂ ਵਾਲੇ ਨੰਗੇ ਆਦਮੀਆਂ ਦਾ ।"

"ਤਾਂ ਲਿਖਿਆ ਕਿਉਂ ਏ ਕਿ ਇੰਨਾਂ ਸਭ ਚੀਜ਼ਾਂ ਨੂੰ ਆਪਣਾ ਸਮਝੋ ।"

"ਇਸ ਲਈ ਜੇ ਉਨ੍ਹਾਂ ਨੇ ਇਹ ਸਭ ਕੁਝ ਖੋਹਿਆ ਹੋਇਆ ਹੈ ਤੇ ਡਰਦੇ ਨੇ ਕੋਈ ਮੰਗ ਨਾ ਲਏ, ਇਸੇ ਲਈ ਪਹਿਲੇ ਹੀ ਦੁਹਾਈ ਪਾ ਦਿਉ ਕਿ ਸਭੋ ਕੁਝ ਤੁਹਾਡਾ ਹੀ ਏ ?"

"ਇਸ ਪਰੀਵਰਤਨ ਦਾ ਅੰਤ ਕੀ ਹੋਏਗਾ ?"

"ਇਹ ਕੋਈ ਪਰੀਵਰਤਨ ਨਹੀਂ...ਧੋਖੇ ਬਾਜ਼ੀ ਏ, ਧੋਖੇ ਬਾਜ਼ੀ । ਤੇ ਧੋਖੇ ਬਾਜ਼ੀ ਦਾ ਅੰਤ ਜ਼ਰੂਰ ਹੁੰਦਾ ਏ ।"

ਸਵੇਰ ਤੋਂ ਸ਼ਾਮ ਤੀਕ ਉਨ੍ਹਾਂ ਸਾਰੇ ਸ਼ਹਿਰ ਦਾ ਕੋਨਾ ਕੋਨਾ ਫਿਰਿਆ । ਸਾਰੇ ਸ਼ਹਿਰ ਵਿਚ ਅਣਗਿਣਤ ਇਸ਼ਤਿਹਾਰ ਲਗੇ ਸਨ । ਹਰ ਗਲੀ, ਹਰ ਨੁੱਕਰ, ਹਰ ਸੜਕ, ਹਰ ਬਜ਼ਾਰ, ਹਰ ਘਰ, ਹਰ ਰੁੱਖ ਉੱਤੇ ਕਾਗਜ਼ਾਂ ਦੀਆਂ ਟਾਕੀਆਂ ਲਗੀਆਂ ਸਨ, ਇਸ਼ਤਿਹਾਰ ਲਗੇ ਸਨ । ਲਿਖਿਆ ਸੀ, ਇਹ 'ਸਭੋ ਕੁਝ ਤੁਹਾਡਾ ਹੀ ਏ' ।

ਆਦਮੀ ਇੱਟਾਂ ਨਾਲ ਚਮੁਟੇ ਸਨ। 'ਇੱਟਾਂ ਸਾਡੀਆਂ ਨੇ'। ਆਦਮੀ ਕੰਧਾਂ ਨਾਲ ਲਗੇ ਸਨ। 'ਕੰਧਾਂ ਸਾਡੀਆਂ ਨੇ।' ਆਦਮੀ ਬਿਜਲੀ ਦੇ ਖੰਭਿਆਂ ਨਾਲ ਜਫ਼ੀਆਂ ਪਾ ਰਹੇ ਸਨ, 'ਖੰਭੇ ਸਾਡੇ ਨੇ' ਆਦਮੀ ਸੜਕਾਂ ਤੇ ਬਜ਼ਾਰਾਂ ਵਿਚ ਫਿਰ ਰਹੇ ਸਨ 'ਸੜਕਾਂ ਤੇ ਬਜ਼ਾਰ ਸਾਡੇ ਨੇ।'

ਫਿਰ ਵੀ ਇਕ ਤੌਖਲਾ ਸੀ ਕਿ ਜੇ ਬਜ਼ਾਰ, ਸੜਕਾਂ, ਖੰਭੇ, ਇੱਟਾਂ, ਕੰਧਾਂ ਸਾਡੀਆਂ ਨੇ ਤਾਂ ਸਭ ਥਾਂ ਲਿਖਣ ਤੇ ਢੰਡੋਰੇ ਫੇਰਨ ਦੀ ਕੀ ਲੋੜ ਸੀ ?

ਸ਼ਹਿਰ ਵਿਚ ਪੁੱਛ ਹੋਣੀ ਸ਼ੁਰੂ ਹੋਈ, ਗੱਲਾਂ ਹੋਈਆਂ ਕਿ ਹਰ ਥਾਂ ਕਾਗਜ਼ਾਂ ਦੀਆਂ ਟਾਕੀਆਂ ਜਿਹੀਆਂ ਇਸ਼ਤਿਹਾਰ ਲਗਾਣ ਦਾ ਕੀ ਮਤਲਬ ਏ ? ਇਨਾਮ ਲੈਣ ਵਾਲਿਆਂ ਨੇ ਮਖੌਟੇ ਵਾਲਿਆਂ ਨਾਲ ਗੱਲ ਕੀਤੀ, ਸ਼ਕਾਇਤ ਲਗਾਈ ਕਿ ਅਸੀਂ ਰਾਤਾਂ ਜਾਗ-ਜਾਗ ਸਾਰੇ ਸ਼ਹਿਰ ਵਿਚ ਇਸ਼ਤਿਹਾਰ ਲਗਾਏ ਸਨ। ਬਜਾਏ ਇਸ ਦੇ ਕਿ ਲੋਕ ਸਭ ਕੁਝ ਆਪਣਾ ਸਮਝ ਕਿ ਖ਼ੁਸ਼ ਹੋਣਗੇ ਬਲਕਿ ਪੁੱਠੇ ਪੁੱਠੇ ਸੁਆਲ ਪੁੱਛਦੇ ਨੇ ਕਿ ਜੇ ਸਭੋ ਕੁਝ ਸਾਡਾ ਏ ਤਾਂ ਡੌਂਡੀਆਂ ਪਿਟਣ ਦੀ ਕੀ ਲੋੜ ਸੀ ? ਕੀ ਮਤਲਬ ਏ ?'

ਤਿੰਨ ਦਿਨ ਮੁਖੌਟਿਆਂ ਵਾਲਾ ਬਜ਼ਾਰ ਬੰਦ ਰਿਹਾ। ਤਿੰਨ ਦਿਨ ਬੜੀਆਂ ਗੂੜ੍ਹੀਆਂ ਸਲਾਹਾਂ ਹੁੰਦੀਆਂ ਰਹੀਆਂ, ਮੀਟਿੰਗਾਂ ਹੁੰਦੀਆਂ ਰਹੀਆਂ। ਸੋਚ ਵਿਚਾਰ ਹੁੰਦੀ ਰਹੀ। ਫਿਰ ਵਡੇ-ਵਡੇ ਕਾਗਜ਼ਾਂ ਦੇ ਇਸ਼ਤਿਹਾਰ ਲਿਖੇ ਗਏ। ਜਿਨ੍ਹਾਂ ਉੱਤੇ ਲਿਖਿਆ ਸੀ, "ਇਹ ਸਭੋ ਕੁਝ ਤੁਹਾਡਾ ਏ, ਇਹ ਗੱਲ ਪੱਕੀ ਤੇ ਮੰਨਣ ਵਾਲੀ ਏ। ਪਰ ਤੁਸੀਂ ਵੀ ਇਨ੍ਹਾਂ ਸਭ ਦੇ ਹੋ—ਇਹ ਗੱਲ ਤਾਂ ਕਦੇ ਹੋ ਹੀ ਨਹੀਂ ਸਕਦੀ। ਇਸੇ ਲਈ ਹੀ ਪਹਿਲਾਂ ਇਹੋ ਲਿਖਿਆ ਗਿਆ ਸੀ ਕਿ ਇਹ ਸਭ ਕੁਝ ਤੁਹਾਡਾ ਏ।"

ਇਸ਼ਤਿਹਾਰ ਲਗ ਗਏ––ਲੋਕਾਂ ਪੜ੍ਹੇ। ਸਾਰਿਆਂ ਨੇ ਇੱਟਾਂ ਛੋੜ ਦਿਤੀਆਂ, ਖੰਭੇ ਤੇ ਸੜਕਾਂ ਛੋੜ ਦਿਤੀਆਂ। ਸਭ ਕੁਝ ਤਾਂ ਉਨ੍ਹਾਂ ਦਾ ਹੀ ਸੀ ਪਰ ਉਹ ਤਾਂ ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਸਨ। ਸਾਰੇ ਸ਼ਹਿਰ ਵਿਚ ਚੁੱਪ-ਚਪੀਤ ਵਰਤ ਗਈ ਸੀ।

ਇਹ ਸਭ ਕੁਝ ਕੀ ਸੀ ? ਜੋ ਹਰ ਚੀਜ਼ ਹਰ ਆਦਮੀ ਦੀ ਸੀ ਪਰ ਕੋਈ ਵੀ ਆਦਮੀ ਕਿਸੇ ਚੀਜ਼ ਦਾ ਨਹੀਂ ਸੀ। ਇਹ ਕੈਸਾ ਸਬੰਧ ਸੀ ?

ਕੁਝ ਦਿਨਾਂ ਦੀ ਚੁੱਪ ਤੋਂ ਬਾਅਦ ਇਕ ਅਫ਼ਵਾਹ ਉਡੀ, ਇਕ ਸ਼ੋਰ ਉਭਰਿਆ। ਇਹ ਕੰਧ ਮੇਰੀ ਏ, ਪਰ ਮੈਂ ਕੰਧ ਦਾ ਕਿਉਂ ਨਹੀਂ ? ਇਹ ਇੱਟ ਮੇਰੀ ਏ, ਪਰ ਮੈਂ ਇੱਟ ਦਾ ਕਿਉਂ ਨਹੀਂ ? ਇਹ ਸੜਕ ਮੇਰੀ ਏ ਤਾਂ ਮੈਂ ਸੜਕ ਦਾ ਕਿਉਂ ਨਹੀਂ। ਇਹ ਖੰਭੇ ਤੇ ਸੜਕ ਤੇ ਰੁੱਖ ਮੇਰੇ ਨੇ ਪਰ ਮੈਂ ਇਨ੍ਹਾਂ ਖੰਭਿਆਂ ਤੇ ਰੁੱਖਾਂ ਦਾ ਕਿਉਂ ਨਹੀਂ ?

ਇਸ ਰੌਲੇ 'ਚ ਇਨਾਮ ਲੈਣ ਵਾਲੇ ਸਾਰੇ ਆਦਮੀ ਵੀ ਸ਼ਾਮਲ ਸਨ। ਉਨ੍ਹਾਂ ਨੂੰ ਵੀ ਇਹੋ ਹੀ ਸੋਚ ਪਈ ਹੋਈ ਸੀ ਕਿ ਜੋ ਇਨਾਮ ਉਨ੍ਹਾਂ ਨੂੰ ਮਿਲਦਾ ਏ ਕੀ ਉਹ ਉਸ ਇਨਾਮ ਦੇ ਮਾਲਕ ਵੀ ਨੇ ਜਾਂ ਨਹੀਂ ?

ਸ਼ੋਰ ਤਾਂ ਮਚਿਆ, ਅਵਾਜ਼ਾਂ ਤਾਂ ਉਠੀਆਂ ਪਰ ਉਸ ਨੂੰ ਸੁਣਨ ਵਾਲਾ ਸ਼ਾਇਦ ਇਸ ਵਾਰੀ ਕੋਈ ਵੀ ਨਹੀਂ ਸੀ। ਕਿਉਂਕਿ ਸ਼ਹਿਰ ਵਿਚ ਮੁਖੌਟੇ ਵਾਲਾ ਕੋਈ ਵੀ ਨਹੀਂ ਸੀ ਲਭ ਰਿਹਾ। ਇਨਾਮ ਲੈਣ ਵਾਲਿਆਂ ਹੁਣ ਕਪੜੇ ਪਾ ਲਏ ਸਨ। ਆਪਣੇ

ਆਪ ਨੂੰ ਢਕ ਲਿਆ ਸੀ। ਮੁਖੌਟੇ ਵਾਲੀ ਮੰਡੀ ਚੋਂ ਉਨ੍ਹਾਂ ਨੂੰ ਲੰਮੀ ਛੁੱਟੀ ਮਿਲ ਗਈ ਸੀ।

ਹੁਣ ਹਰ ਘਰ ਵਿਚ ਇਸ਼ਤਿਹਾਰ ਲਿਖੇ ਗਏ, "ਸੜਕ ਸਾਡੀ ਏ—-ਅਸੀਂ ਸੜਕ ਦੇ ਹਾਂ। ਕੰਧਾਂ ਸਾਡੀਆਂ ਨੇ—ਅਸੀਂ ਕੰਧਾਂ ਦੇ ਹਾਂ। ਖੰਭੇ, ਰੁੱਖ, ਇੱਟਾਂ, ਗਲੀਆਂ ਸਭੋ ਕੁਝ ਸਾਡੀਆਂ ਆਪਣੀਆਂ ਨੇ। ਅਸੀਂ ਇੰਨਾਂ ਦੇ ਹਾਂ।"

ਕਿਉਂਕਿ ਇਹ ਸਾਰੇ ਇਸ਼ਤਿਹਾਰ ਸਾਰਿਆਂ ਨੇ ਆਪ ਲਿਖੇ ਸਨ ਤੇ ਆਪੇ ਹੀ ਲਗਾਏ ਸਨ ਇਸੇ ਲਈ ਕਿਸੀ ਨੇ ਵੀ ਨਹੀਂ ਸੀ ਪੜ੍ਹੇ। ਭਲਾ ਕਿਉਂ ? ਆਪੇ ਲਿਖਣ ਤੇ ਆਪੇ ਹੀ ਲਗਾਣ ਵਾਲੇ ਵੀ ਕਦੇ ਪੜ੍ਹਦੇ ਨੇ।

ਉਸ ਨੇ ਵੀ ਇਕ ਵਡਾ ਇਸ਼ਤਿਹਾਰ ਲਿਖਿਆ। ਬੜੇ ਰੰਗ ਭਰ ਕੇ ਉਹ ਲਿਖ ਰਿਹਾ ਸੀ, ਸਜਾਅ-ਸੰਵਾਰ ਰਿਹਾ ਸੀ ਕਿ ਗੁਆਂਢੀ ਆ ਗਿਆ। ਉਹ ਲਿਖਦਾ ਰਿਹਾ, ਚਿਤਰਦਾ ਰਿਹਾ। ਗੁਆਂਢੀ ਵੇਖਦਾ ਰਿਹਾ। ਛੋਟਾ ਜਿਹਾ ਹੀ ਕੁਝ ਲਿਖਿਆ ਸੀ।

"ਇਹ ਤੂੰ ਕੀ ਲਿਖਿਆ ਏ ?"

"ਜੋ ਕੁਝ ਲਿਖਿਆ ਏ...ਪੜ੍ਹ ਲੈ।"

"ਪੜ੍ਹ ਤਾਂ ਮੈਂ ਲਿਆ ਏ...ਪਰ ਇਸ ਦਾ ਅਰਥ ਪੁਛ ਰਿਹਾ ਹਾਂ।"

"ਦੂਰ ਦਾ ਅਰਥ ਤਾਂ ਦੂਰ ਹੀ ਹੁੰਦਾ ਏ ਨਾ ?"

"ਸਮਝ ਤਾਂ ਰਿਹਾ ਹਾਂ, ਪਰ ਦੂਰੀ ਕੇਹੀ ? ਕਿਸ ਤੋਂ ਦੂਰੀ ? ਕੇਹੀ ਤੇ ਕਿਉਂ ਦੂਰੀ ?" ਗੁਆਂਢੀ ਨੇ ਪੁਛਿਆ।

"ਦੂਰੀ ?" ਉਸ ਨੇ ਆਪਣੇ ਆਪ ਨੂੰ ਸੁਆਲ ਕੀਤਾ। "ਦੂਰੀ ? ਆਪਣੇ ਆਪ ਤੋਂ। ਦੂਰੀ ? ਤੇਰੇ ਤੋਂ ? ਸੜਕ ਤੋਂ, ਗਲੀ ਤੋਂ ਦੂਰੀ, ਚਾਨਣ ਤੋਂ ਦੂਰੀ, ਹਨੇਰੇ ਤੋਂ ਦੂਰੀ, ਰੁੱਖਾਂ ਦੇ ਪੱਤਰਾਂ ਤੋਂ ਦੂਰੀ। ਦੂਰੀ ਹੀ ਦੂਰੀ, ਕੋਈ ਚੀਜ਼ ਵੀ ਤਾਂ ਨੇੜੇ ਨਹੀਂ ?"

ਗੁਆਂਢੀ ਹੋਰ ਪਰੇਸ਼ਾਨ ਹੋ ਗਿਆ, "ਇਹ ਇਸ਼ਤਿਹਾਰ ਲਿਖਣੇ ਬੰਦ ਨਹੀਂ ਹੋਣਗੇ ? ਕਦੋਂ ਤੀਕ ਅਸੀਂ ਲਿਖਦੇ ਤੇ ਪੜ੍ਹਦੇ ਰਹਿਣਾ ਏ ? ਇਹ ਕਾਗਜ਼ਾਂ ਦੇ ਟੁਕੜੇ ?

ਉਹ ਹਸਿਆ "ਜਦੋਂ ਤੀਕ ਮਨੁਖਤਾ ਕਾਇਮ ਏ। ਕੰਧਾਂ ਨੇ, ਗਲੀਆਂ ਨੇ। ਸੜਕਾਂ ਨੇ। ਰੁੱਖ ਤੇ ਖੰਭੇ ਨੇ ਇਹ ਇਸ਼ਤਿਹਾਰ ਲਗਣਗੇ ਤੇ ਅਸੀਂ ਪੜ੍ਹਾਂਗੇ।"

"ਮੈਂ ਤਾਂ ਹੁਣ ਇਸ਼ਤਿਹਾਰ ਪੜ੍ਹਨੇ ਛਡ ਦੇਣੇ ਨੇ।" ਗੁਆਂਢੀ ਨੇ ਕਿਹਾ।

"ਛਡ ਤਾਂ ਸਕਦਾ ਏਂ, ਪਰ ਮੇਰੇ ਖ਼ਿਆਲ ਵਿਚ ਸ਼ਹਿਰ ਵਿਚ ਰਹਿੰਦੇ ਹੋਏ ਇਹ

ਗੱਲ ਬੜੀ ਨਾ-ਮੁਮਕਿਨ ਏ।'' ਉਸ ਕਿਹਾ।

''ਕਿਉਂ ਮੁਮਕਿਨ ਕਿਉਂ ਨਹੀਂ ?''

''ਇਸ ਲਈ ਜੋ ਹਰ ਆਦਮੀ ਲਿਖਣਾ ਚਾਹੁੰਦਾ ਏ। ਜੇ ਆਪ ਨਹੀਂ ਲਿਖ ਸਕਦਾ ਤਾਂ ਲਿਖਣ ਵਾਲੇ ਨਾਲ ਜੁੜਨਾ ਜ਼ਰੂਰ ਚਾਹੁੰਦਾ ਏ। ਹਰ ਆਦਮੀ ਇਸ਼-ਤਿਹਾਰ ਲਗਾਣਾ ਚਾਹੁੰਦਾ ਏ। ਜੇ ਆਪ ਨਹੀਂ ਲਗਾ ਸਕਦਾ ਤਾਂ ਲਗਾਣ ਵਾਲੇ ਨਾਲ ਜੁੜ ਜਾਂਦਾ ਏ। ਹਰ ਆਦਮੀ ਲਗੇ ਹੋਏ ਇਸ਼ਤਿਹਾਰ ਪੜ੍ਹਨਾ ਚਾਹੁੰਦਾ ਏ ਜੇ ਆਪ ਨਹੀਂ ਪੜ੍ਹ ਸਕਦਾ ਤਾਂ ਕਿਸੇ ਪੜ੍ਹਨੇ ਵਾਲੇ ਨਾਲ ਜੁੜ ਜਾਂਦਾ ਏ।''

ਗੁਆਂਢੀ ਸੋਚੀਂ ਪੈ ਗਿਆ। ਗੱਲ ਉਸ ਦੇ ਦਿਲ ਦਿਮਾਗ਼ ਦੀ ਸੀ। ਉਹ ਤਾਂ ਹਮੇਸ਼ਾ ਸੁਨੇਹੇ ਲਿਆਉਣ ਦਾ ਹੀ ਕੰਮ ਕਰਦਾ ਰਿਹਾ ਸੀ। ਪੜ੍ਹੇ-ਸੁਣੇ ਸੁਨੇਹੇ। ਉਸ ਨੇ ਕਈ ਵਾਰੀ ਸੋਚਿਆ ਸੀ ਕਿ ਉਹ ਜੋ ਕੁਝ ਵੀ ਪੜ੍ਹਦਾ ਹੈ ਉਸ ਬਾਰੇ ਨਹੀਂ ਸੋਚੇ। ਜੋ ਕੁਝ ਸੁਣ ਰਿਹਾ ਹੈ ਉਸ ਵਲ ਧਿਆਨ ਹੀ ਨਾ ਦੇਵੇ ਪਰ ਇਹ ਤਾਂ ਕਦੇ ਹੋ ਹੀ ਨਹੀਂ ਸੀ ਸਕਿਆ।

''ਤੂੰ ਜੇ ਪੜ੍ਹਣ ਤੇ ਲਿਖਣ ਤੋਂ ਸਚ-ਮੁਚੀ ਜੇ ਸੰਨਿਆਸ ਲੈ ਰਿਹਾ ਏਂ ਤਾਂ ਮੇਰਾ ਇਕ ਕੰਮ ਕਰ ਕੇ ਲਈਂ।'' ਉਸ ਨੇ ਕਿਹਾ।

''ਮੈਂ ਸੰਨਿਆਸ ਲਵਾਂ ਜਾਂ ਨਹੀਂ ਪਰ ਤੂੰ ਆਪਣਾ ਕੰਮ ਦਸ। ਤੇਰਾ ਕੰਮ ਕਰਕੇ ਮੈਨੂੰ ਬੜੀ ਸ਼ਾਂਤੀ ਮਿਲੇਗੀ।''

''ਤੈਨੂੰ ਇਕ ਖੇਚਲ ਦੇ ਰਿਹਾ ਹਾਂ। ਕੰਮ ਤਾਂ ਬੜਾ ਮੁਸ਼ਕਲ ਏ। ਸ਼ਹਿਰ ਦੇ ਹਰ ਘਰ ਵਿਚ ਤੈਨੂੰ ਜਾਣਾ ਪੈਣਾ ਏ। ਘਰ-ਘਰ ਫਿਰਨਾ ਪਏਗਾ।''

''ਹਾਂ, ਮੈਂ ਜਾਵਾਂਗਾ। ਘਰ ਘਰ ਫਿਰਾਂਗਾ।'' ਗੁਆਂਢੀ ਨੇ ਕਿਹਾ।

''ਹਰ ਆਦਮੀ, ਹਰ ਜ਼ਨਾਨੀ, ਹਰ ਮੁੰਡੇ, ਹਰ ਕੁੜੀ, ਬੱਚੇ ਨੂੰ ਇਕ ਸੁਆਲ ਪੁਛਣਾ ਹੋਏਗਾ ?''

''ਹਾਂ ਪੁਛਾਂਗਾ...ਜ਼ਰੂਰ'' ਗੁਆਂਢੀ ਨੇ ਜੁਆਬ ਦਿਤਾ।

''ਸਿਰਫ਼ ਪੁਛਣਾ ਹੀ ਨਹੀਂ, ਜੁਆਬ ਵੀ ਲਿਆਉਣਾ ਏ ?''

''ਹਾਂ-ਹਾਂ, ਜੁਆਬ ਵੀ ਲਿਆਵਾਂਗਾ—ਪਹਿਲੇ ਦਸ ਤੇ ਸਹੀ ਕੀ ਪੁਛਣਾ ਏਂ ?''

''ਹਰ ਆਦਮੀ ਨੂੰ ਇਹ ਪੁਛਣਾ ਏ ਜੋ ਉਹ ਆਪਣੇ ਆਪ ਦੇ ਨੇੜੇ ਹੈ ਜਾਂ ਦੂਰ। ਘਰ ਵਾਲਿਆਂ ਦੇ ਨੇੜੇ ਹੈ ਜਾਂ ਦੂਰ। ਉਹ ਗੁਆਂਢੀ ਦੇ ਵੀ ਨੇੜੇ ਹੈ ਜਾਂ ਦੂਰ। ਉਹ ਸੜਕਾਂ, ਗਲੀਆਂ, ਰੁੱਖਾਂ, ਕੰਧਾਂ ਦੇ ਨੇੜੇ ਹੈ ਜਾਂ...ਦੂਰ। ਉਹ ਇਨਸਾਨ ਦੇ ਨੇੜੇ ਹੈ ਜਾਂ...ਦੂਰ। ਬਸ ..।''

''ਬ ..ਸ ...ਤੂੰ ਤਾਂ ਇੰਝ ਆਖਿਆ ਏ ਜਿਵੇਂ ਇਹ ਕੰਮ ਬੜਾ ਸੌਖਾ ਏ।'' ਗੁਆਂਢੀ ਨੇ ਤਨਜ਼ ਨਾਲ ਕਿਹਾ।

''ਇਹ ਵੀ ਕੋਈ ਔਖਾ ਕੰਮ ਏ ?'' ਉਸ ਪੁਛਿਆ।

''ਤੈਨੂੰ ਨਹੀਂ ਦਿਸਦਾ ਜੋ ਇਹ ਕੰਮ ਔਖਾ ਏ ਜਾਂ ਸੌਖਾ ?'' ਗੁਆਂਢੀ ਖਿਝ ਗਿਆ।

''ਤੂੰ ਹੁਣੇ ਹੀ ਤਾਂ ਕਿਹਾ ਸੀ ਮੇਰਾ ਕੰਮ ਕਰ ਕੇ ਤੈਨੂੰ ਬੜੀ ਸ਼ਾਂਤੀ ਮਿਲੇਗੀ, ਤਸੱਲੀ ਹੋਏਗੀ।''

ਗੁਆਂਢੀ ਠੰਡਾ ਪੈ ਗਿਆ। ਹੁਣੇ ਹੀ ਉਹ ਆਪਣੇ ਕਹੇ ਵਚਨ ਤੋਂ ਮੁੱਕਰ ਰਿਹਾ ਸੀ। ਜ਼ਰਾ ਠਹਿਰ ਕੇ ਉਸ ਆਖਿਆ, ''ਮੈਂ ਇਕ ਚੰਗੇ ਗੁਆਂਢੀ ਦੇ ਨਾਤੇ ਤੇਰੇ ਨਾਲ ਆਪਣਾ ਅਧਿਕਾਰ ਜਤਾਇਆ ਏ। ਮੈਂ ਤੇਰਾ ਇਹ ਕੰਮ ਜ਼ਰੂਰ ਕਰਾਂਗਾ।''

# 7

ਗੁਆਂਢੀ ਅਧੀ ਰਾਤ ਤੀਕ ਜਾਗਦਾ ਰਿਹਾ। ਇਕ ਵਿਚਾਰ ਉਸ ਨੂੰ ਘੜੀ-ਮੁੜੀ ਪਰੇਸ਼ਾਨ ਕਰਦਾ ਸੀ ਕਿ ਉਹ ਉਸ ਦੇ ਦਸੇ ਹੋਏ ਸੁਆਲ ਕਿਥੋਂ ? ਕਿਹੜੇ ਆਦਮੀ ਤੋਂ ? ਕਿਹੜੇ ਘਰ ਤੋਂ ਪੁਛਣਾ ਸ਼ੁਰੂ ਕਰੇ।

ਸਵੇਰੇ ਜਾਗ ਖੁਲਦੇ ਹੀ ਫਿਰ ਉਸ ਦੇ ਦਿਮਾਗ ਵਿਚ ਉਹੀ ਸੋਚ ਚਕਰ ਕਟਣ ਲਗੀ...।

"ਹਾਂ ਠੀਕ, ਆਪਣੇ ਗੁਆਂਢ, ਆਪਣੇ ਘਰ ਦੇ ਬੂਹੇ ਦੇ ਨਾਲੋਂ ਹੀ ਸ਼ੁਰੂ ਕਰ ਲਾਂ...ਐਵੇਂ ਹੀ ਸਾਰੀ ਰਾਤ ਪਰੇਸ਼ਾਨੀ ਰਹੀ।

ਉਸ ਇਕ ਬੂਹੇ ਤੇ ਦਸਤਕ ਦਿਤੀ। ਬੂਹਾ ਖੁਲਿਆ। ਖੋਹਲਣ ਵਾਲਾ ਜ਼ਰਾ ਹਸਿਆ "ਅਜ ਡ੍ਹਿਡੀ ਸਵੇਰੇ ? ਕੀ ਗਲ ਏ ? ਸੁਖ ਤਾਂ ਹੈ ?"

"ਮੈਂ ਤੇਰੇ ਤੋਂ ਕੁਝ ਗੱਲਾਂ ਪੁਛਣੀਆਂ ਨੇ ?" ਗੁਆਂਢੀ ਕਿਹਾ।

"ਇਕ-ਅੱਧ ਗੱਲ ਪੁਛਣੀ ਏ ਤਾਂ ਖਲੋਤੇ-ਖਲੋਤੇ ਹੀ ਪੁੱਛ ਲੈ ਤੇ ਜੇ ਬਹੁਤ ਪੁਛਣੀਆਂ ਨੇ ਤਾਂ ਸ਼ਾਮ ਨੂੰ ਜਦੋਂ ਦਰਿਆ ਤੋਂ ਵਾਪਸ ਪਰਤਾਂਗਾ ਤਾਂ ਆ ਕੇ ਪੁਛ ਲਈਂ।"

ਉਸ ਨੂੰ ਸੋਚਣਾ ਪਿਆ। ਉਸ ਨੇ ਤਾਂ ਬਹੁਤ ਕੁਝ ਪੁਛਣਾ ਸੀ।

"ਹਛਾ ! ਸ਼ਾਮੀ ਹੀ ਮਿਲ ਲਵਾਂਗਾ" ਉਸ ਨੇ ਕਿਹਾ ਤੇ ਦੂਜੇ ਬੂਹੇ ਵਲ ਵਧਿਆ। ਬਹੁਤ ਦੇਰ ਖੜਕਾਂਦਾ ਰਿਹਾ। ਫਿਰ ਬੂਹੇ ਦੀ ਝੀਥ ਵਿਚੋਂ ਅੰਦਰ ਵੇਖਣ ਦਾ ਜਤਨ ਕੀਤਾ। ਅੰਦਰ ਵਿਹੜੇ ਵਿਚ ਲੜਾਈ ਹੋ ਰਹੀ ਸੀ। ਉਹ ਸੁਣ ਵੀ ਰਿਹਾ ਸੀ। ਮਰਦ ਆਖਦਾ ਸੀ "ਤੈਨੂੰ ਉਚੀਆਂ ਆਲੀਸ਼ਾਨ ਇਮਾਰਤਾਂ ਉੱਤੇ ਚੜ ਕੇ ਹੇਠਾਂ ਵੇਖਣ ਦਾ ਚਾਅ ਏ, ਇਹ ਗੱਲ ਮੈਨੂੰ ਪਹਿਲਾਂ ਪਤਾ ਹੁੰਦੀ ਤਾਂ ਮੈਂ ਸਬੰਧ ਜੋੜਨੇ ਤਾਂ ਕੀ ਤੇਰੀ ਸ਼ਕਲ ਵੀ ਕਦੇ ਨਾ ਵੇਖਦਾ।

"ਜ਼ਨਾਨੀ ਆਖ ਰਹੀ ਸੀ" ਸਾਨੂੰ ਤਾਂ ਧੋਖਾ ਦਿਤਾ ਗਿਆ ਸੀ, ਕਹਿੰਦੇ ਸੀ ਚਾਰ ਘਰ ਆਪਣੇ ਨੇ, ਇੱਥੇ ਆ ਕੇ ਵੇਖਿਆ ਕਿ ਘਰ ਚੁਬਾਰੇ ਤਾਂ ਕੀ ਇਕ ਕੰਧ ਵੀ ਆਪਣੀ ਨਹੀਂ...।"

ਫਿਰ ਮਰਦ ਅਗੇ ਵਧਿਆ, ਜ਼ਨਾਨੀ ਨੂੰ ਬਾਂਹ ਤੋਂ ਜ਼ੋਰ ਦੀ ਫੜਿਆ। ਗੁਆਂਢੀ ਨੇ ਜ਼ੋਰ ਦੀ ਬੂਹਾ ਖੜਕਾਇਆ। ਮਰਦ ਨੇ ਜ਼ਨਾਨੀ ਦੀ ਬਾਂਹ ਛਡ ਦਿਤੀ ਤੇ ਆ ਕੇ ਬੂਹਾ ਖੋਹਲਿਆ। ਗੁਆਂਢੀ ਨੂੰ ਸਾਹਮਣੇ ਵੇਖ ਥੋੜਾ ਹਸਿਆ। "ਕੀ ਗਲ ਏ ? ਕੁਝ ਚਾਹੀਦਾ ਏ ? ਕੁਝ ਲੋੜ ਏ ?"

"ਹਾਂ ਲੋੜ ਪੈ ਗਈ ਏ । ਤੇਰੇ ਤੋਂ ਕੁਝ ਪੁਛਣਾ ਏ ।"

"ਕੀ ਪੁਛਣਾ ਏ ?" ਮਰਦ ਨੇ ਪੁਛਿਆ ।

"ਬੈਠ ਕੇ ਪੁੱਛਾਂਗਾ, ਬਹੁਤ ਗਲਾਂ ਪੁਛਣੀਆਂ ਨੇ ।"

ਮਰਦ ਉਸ ਨੂੰ ਅੰਦਰ ਕਮਰੇ ਵਿਚ ਲੈ ਗਿਆ । ਚੰਗੀ ਤਰ੍ਹਾਂ ਬਿਠਾਇਆ..."ਲੈ ਪੁੱਛ ਹੁਣ ਕੀ ਪੁਛਣਾ ਈ ?"

"ਪਹਿਲਾ ਸੁਆਲ ਏ ਤੁਸੀਂ ਆਪਣੇ ਆਪ ਦੇ ਕਿੰਨਾ ਕੁ ਨੇੜੇ ਹੋ ?"

"ਕੀ ਕਿਹਾ ? ਕੀ ਕੋਲ ਏ ? ਮੈਂ ਸਮਝਿਆ ਨਹੀਂ ?" ਮਰਦ ਨੇ ਹੈਰਾਨ ਹੋ ਕੇ ਕਿਹਾ ।

"ਮੇਰਾ ਮਤਲਬ ਏ ਤੁਸੀਂ ਆਪਣੇ ਆਪ ਨੂੰ ਕਿੰਨਾ ਕੁ ਜਾਣਦੇ, ਪਛਾਣਦੇ, ਸਮਝਦੇ ਹੋ ।" ਗੁਆਂਢੀ ਨੇ ਪੁਛਿਆ ।

"ਮੈਂ ਆਪਣੇ ਆਪ ਨੂੰ ? ਇਹ ਚੰਗਾ ਸੁਆਲ ਏ । ਹਰ ਕੋਈ ਜਾਣਦਾ ਪਛਾਣਦਾ ਏ ਕਿ ਉਹ ਆਦਮੀ ਏ ਹੋਰ ਕੀ ?"

ਗੁਆਂਢੀ ਨੇ ਬਥੇਰੀ ਟਿਲ ਲਗਾਈ, ਜ਼ੋਰ ਮਾਰਿਆ ਪਰ ਮਰਦ ਨੂੰ ਇਹ ਸੁਆਲ ਸਮਝ ਹੀ ਨਾ ਆਇਆ । ਅਖੀਰ ਮਰਦ ਨੇ ਕਿਹਾ "ਤੇਰਾ ਦਿਮਾਗ਼ ਠਿਕਾਣੇ ਨਹੀਂ... ਹੋਰ ਕੁਝ ਗੱਲ ਨਹੀਂ ।"

"ਮੇਰਾ ਦੂਜਾ ਸੁਆਲ ਏ ਤੁਸੀਂ ਆਪਣੀ ਬੀਵੀ ਦੇ ਕਿੰਨਾ ਕੁ ਨੇੜੇ ਹੋ ?" ਗੁਆਂਢੀ ਨੇ ਪੁਛਿਆ ।

"ਬੀਵੀ ਦੇ...? ਮਰਦ ਹਸਿਆ–"ਮੈਂ ਤਾਂ ਆਪਣੀ ਬੀਵੀ ਦੇ ਬਹੁਤ ਨੇੜੇ ਹਾਂ । ਅਸੀਂ ਦੋਵੇਂ ਇਕ-ਮਿਕ ਹਾਂ । ਸਮਝ ਲਉ ਜਿਵੇਂ ਦੁੱਧ ਵਿਚ ਖੰਡ । ਮੈਂ ਉਸ ਨੂੰ ਇੰਨ੍ਹਾਂ ਪਿਆਰ ਕਰਦਾ ਹਾਂ-ਜਿੰਨਾਂ ਮੈਂ ਆਪਣੇ ਆਪ ਨੂੰ ਵੀ ਨਹੀਂ ਕਰਦਾ । ਮੇਰੀ ਤਾਂ ਦਿਲ ਦੀ ਇਹੋ ਹੀ ਤਮੰਨਾ ਏ ਕਿ ਮੈਂ ਆਪਣੀ ਬੀਵੀ ਵਿਚ ਲੀਨ ਹੋ ਜਾਂਵਾ ਜਿਵੇਂ ਮੀਰਾ ਕ੍ਰਿਸ਼ਨ ਦੇ ਨਾਂ ਵਿਚ ਲੀਨ ਹੋ ਗਈ ਸੀ ।"

ਉਸ ਦੇ ਹੋਠਾਂ ਉਤੇ ਦੂਜਾ ਸੁਆਲ ਆਉਂਦੇ-ਆਉਂਦੇ ਰਹਿ ਗਿਆ ਕਿ ਉਸ ਨੂੰ ਪੁੱਛ ਸਕੇ "ਤੇਰੀ ਬੀਵੀ ਤੇਰੇ ਕਿੰਨਾ ਕੁ ਨੇੜੇ ਐ ?" ਪਰ ਉਸ ਨੇ ਸੋਚ ਲਿਆ ਇਹ ਸੁਆਲ ਤਾਂ ਉਹ ਉਸ ਦੀ ਬੀਵੀ ਕੋਲੋਂ ਪੁਛੇਗਾ ?

ਉਸ ਫਿਰ ਪੁਛਿਆ "ਤੁਸੀਂ ਸੜਕ ਦੇ ਕਿੰਨਾ ਕੁ ਨੇੜੇ ਹੋ ?"

"ਸੜਕ ਦੇ...? ਕੋਈ ਦੋ ਸੌ ਕਦਮ ਹੋਣੇ ਨੇ । ਐ ਕੋਲ ਹੀ ਏ ਨੇੜੇ ਹੀ" ਮਰਦ ਨੇ ਜੁਆਬ ਦਿੱਤਾ ।

ਮੈਂ ਪੁਛ ਰਿਹਾਂ ਕਿ ਸੜਕ ਨਾਲ ਤੁਹਾਡਾ ਕਿੰਨਾ ਕੁ ਆਪਨਾ-ਪਨ ਏ ? ਕਿੰਨਾਂ ਸਬੰਧ ਏ...?

ਮਰਦ ਨੇ ਜ਼ੋਰ ਦੀ ਗੜਾਕਾ ਮਾਰਿਆ "ਇਹ ਸਿਰ ਫਿਰਿਆਂ ਵਾਲੇ ਸੁਆਲ ਕਿਥੋਂ ਸੁਣ ਆਇਆ ਏਂ ਤੂੰ ? ਸੜਕਾਂ ਨਾਲ ਵੀ ਆਦਮੀ ਦਾ ਆਪਨਾ-ਪਨ, ਸਬੰਧ, ਨਾਤਾ ਕੋਈ ਰਿਸ਼ਤਾ ਹੁੰਦਾ ਏ ?"

"ਹੁੰਦਾ ਕਿਉਂ ਨਹੀਂ ?" ਮਰਦ ਦੀ ਬੀਵੀ ਵਿਚੇ ਬੋਲ ਪਈ "ਸੜਕ ਨਾਲ

ਤੁਹਾਡਾ ਕੋਈ ਰਿਸ਼ਤਾ ਨਹੀਂ ? ਜਿਸ ਉੱਤੇ ਤੁਸੀਂ ਰੋਜ਼ ਟੁਰਦੇ ਹੋ । ਟੁਰ-ਟੁਰ ਆਪੋ-ਆਪਣੀ ਥਾਂ ਪੁਜਦੇ ਹੋ । ਹਟੀਆਂ, ਬਜ਼ਾਰਾਂ, ਦੋਸਤਾਂ-ਮਿਤ੍ਰਾਂ ਦੇ ਪੁਜਦੇ ਹੋ ।"

ਗੁਆਂਢੀ ਹੈਰਾਨੀ ਨਾਲ ਉਸ ਦੀ ਬੀਵੀ ਵਲ ਵੇਖਣ ਲਗਾ ।

"ਤਾਂ ਫਿਰ ਇਹੋ ਹੀ ਸਬੰਧ ਸਮਝ ਲੈ ਕਿ ਅਸੀਂ ਸੜਕ ਦੇ ਉਤੇ ਟੁਰਦੇ ਹਾਂ" ਮਰਦ ਨੇ ਜੁਆਬ ਦਿਤਾ ।

"ਆਦਮੀ ਜਿਸ ਉਤੇ ਟੁਰ-ਟੁਰ ਹਰ ਥਾਂ ਪਹੁੰਚੇ । ਜਿਸ ਚੀਜ਼ ਦੀ ਰੋਜ਼ ਹੀ, ਹਰ ਵੇਲੇ, ਹਰ ਪਲ ਲੋੜ ਰਹੇ, ਉਸ ਲਈ ਆਦਮੀ ਵੀ ਕੁਝ ਕਰਦਾ ਏ । ਉਸ ਦਾ ਵੀ ਕੋਈ ਫ਼ਰਜ਼ ਬਣ ਜਾਂਦਾ ਹੈ । ਤੁਸੀਂ ਸੜਕ ਲਈ ਕੀ ਕਰਦੇ ਹੋ ?"

ਮਰਦ ਦੇ ਦਿਮਾਗ਼ ਨੂੰ ਕੁਝ ਨਾ ਸੁਝਿਆ । ਉਹ ਆਪਣੀ ਬੀਵੀ ਵਲ ਵੇਖਣ ਲਗਾ ਕਿ ਉਹ ਕੁਝ ਜੁਆਬ ਦੇਏ । ਪਰ ਉਸ ਦੀ ਬੀਵੀ ਮੁਸਕਰਾਂਦੀ ਰਹੀ, ਚੁੱਪ ਰਹੀ ।

"ਅਸੀਂ ਸੜਕਾਂ ਲਈ ਕਰ ਵੀ ਕੀ ਸਕਦੇ ਹਾਂ ?" ਮਰਦ ਨੇ ਜੁਆਬ ਦਿਤਾ ।

"ਠੀਕ ਏ, ਕੁਝ ਨਹੀਂ ਕਰ ਸਕਦੇ । ਕਿਉਂਕਿ ਸੜਕਾਂ ਦੀ ਜ਼ਿੰਮੇਦਾਰੀ ਤੁਹਾਡੇ ਉਤੇ ਨਹੀਂ ।"

"ਹੁਣ ਇਕ ਅਖ਼ੀਰਲਾ ਸੁਆਲ ਏ "ਤੁਸੀਂ ਆਪਣੇ ਸ਼ਹਿਰ ਦੇ ਕਿੰਨਾ ਕੁ ਨੇੜੇ ਹੋ ?"

"ਅਸੀਂ ਤਾਂ ਸ਼ਹਿਰ ਦੇ ਵਿਚ ਹਾਂ...ਸ਼ਹਿਰ ਹੀ ਰਹਿੰਦੇ ਹਾਂ ।"

"ਸ਼ਹਿਰ ਨਾਲ ਤੁਹਾਡਾ ਕੀ ਸਬੰਧ ਏ ?"

"ਬੜਾ ਭਾਰਾ ਸਬੰਧ ਏ । ਸਾਕ-ਨਾਤੇ-ਰਿਸ਼ਤੇ ਸਾਰੇ ਸ਼ਹਿਰ ਵਿਚ ਹੀ ਨੇ" ਮਰਦ ਨੇ ਜੁਆਬ ਦਿਤਾ ।

"ਤੁਹਾਡੇ ਨਾਲ ਸ਼ਹਿਰ ਦੀ ਕਿੰਨੀ ਨੇੜਤਾ ਏ ? ਕਿੰਨਾ ਆਪਨਾ-ਪਣ ?"

"ਫਿਰ ਪਾਗ਼ਲਾਂ ਵਾਲਾ ਸੁਆਲ ? ਦਸ ਤੇ ਛਡਿਆ ਏ ਇਕ ਵਾਰੀ ।"

"ਮੇਰਾ ਮਤਲਬ ਏ, ਸ਼ਹਿਰ ਨੂੰ ਤੁਸੀਂ ਵਰਤਦੇ ਹੋ, ਰਹਿੰਦੇ ਹੋ ? ਫਿਰ ਸ਼ਹਿਰ ਲਈ ਤੁਸੀਂ ਕੀ ਕਰਦੇ ਹੋ ?"

ਮਰਦ ਸੋਚਣ ਲਗਾ "ਉਹ ਸ਼ਹਿਰ ਲਈ ਕੀ ਕਰਦਾ ਏ ?" ਸਚੀ ਹੀ ਸੁਆਲ ਤਾਂ ਬੜਾ ਔਖਾ ਸੀ । ਉਹ ਚਿਰਾਂ ਤੋਂ ਸ਼ਹਿਰ ਵਿਚ ਰਹਿੰਦਾ ਆ ਰਿਹਾ ਏ ਪਰ ਉਸ ਨੇ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਕਦੇ ਇਕ ਦਿਨ ਕੋਈ ਇਹ ਵੀ ਪੁੱਛੇਗਾ ਕਿ ਤੂੰ ਸ਼ਹਿਰ ਲਈ ਕੀ ਕੀਤਾ ਏ ? ਕੁਝ ਭਲਾ ਕੰਮ...?"

"ਮੈਂ ਸ਼ਹਿਰ ਲਈ ਕਦੇ ਵੀ ਕੁਝ ਨਹੀਂ ਕੀਤਾ" ਮਰਦ ਨੇ ਜੁਆਬ ਦਿਤਾ ਹੁਣ ਇਕ ਹੋਰ ਸੁਆਲ "ਤੇਰੇ ਆਸ-ਪਾਸ ਵਾਤਾਵਰਣ ਵਿਚ ਰਹਿੰਦੇ ਲੋਕ ਤੁਹਾਡੇ ਕਿੰਨੇ ਕੁ ਨੇੜੇ ਨੇ ਤੇ ਤੁਸੀਂ ਉਨ੍ਹਾਂ ਦੇ ਕਿੰਨਾ ਕੁ ਨੇੜੇ ਹੋ ? ਉਹ ਤੁਹਾਡੇ ਲਈ ਕੀ ਕਰਦੇ ਨੇ ? ਤੁਸੀਂ ਉਨ੍ਹਾਂ ਲਈ ਕੀ ਕਰਦੇ ਹੋ ?"

"ਵਾਤਾਵਰਣ ? ਵਾਤਾਵਰਣ ਵਿਚ ਸਾਰਾ ਗੁਆਂਢ, ਸਾਰੇ ਮਹਲੇ, ਸਾਰਾ ਨਗਰ, ਸਾਰੇ ਮਰਦ, ਸਾਰੀਆਂ ਜਨਾਨੀਆਂ, ਸਾਰੇ ਮੁੰਡੇ, ਸਾਰੀਆਂ ਕੁੜੀਆਂ ਸਾਰੇ ਬੁਢੇ ਸਾਰੀਆਂ ਬੁਢੀਆਂ ਨੇ । ਇਹ ਸੁਆਲ ਚੰਗਾ ਚਕਰਾਉਣ ਵਾਲਾ ਏ । ਸਾਰੇ ਆਪੋ-ਆਪਣੇ ਲਈ

ਕਰਦੇ ਨੇ, ਅਸੀਂ ਉਨ੍ਹਾਂ ਲਈ ਕੀ ਕਰੀਏ ਤੇ ਉਹ ਸਾਡੇ ਲਈ ਕੀ ਕਰਨਗੇ ?"

ਗੁਆਂਢੀ ਥੋੜਾ ਹਸਿਆ "ਤੁਹਾਨੂੰ ਮੈਂ ਬੜੀ ਖੇਚਲ ਦਿਤੀ ਏ, ਹੁਣ ਕੁਝ ਸੁਆਲ ਤੁਹਾਡੀ ਪਤਨੀ ਤੋਂ ਪੁਛਣੇ ਨੇ।"

"ਜ਼ਰੂਰ ਪੁਛ ਲੈ, ਇਹ ਬੜੀ ਸਿਆਣੀ ਤੇ ਚਤੁਰ ਏ। ਮੈਂ ਤਾਂ ਆਪਣੇ ਕੰਮ ਜਾ ਰਿਹਾ ਹਾਂ। ਪਰ ਤੂੰ ਧਿਆਨ ਰਖੀਂ, ਤੇਰੇ ਨਾਲ ਲੜ ਨਾ ਪਏ। ਇਸ ਦਾ ਸੁਭਾਅ ਥੋੜਾ ਗਰਮ ਏ। ਇਹ ਤੰਦੂਰ ਬਿਨਾਂ ਬਾਲਣ ਦੇ ਭੱਖ ਪੈਂਦਾ ਏ।" ਆਖਦੇ ਹੋਏ ਮਰਦ ਬਾਹਰ ਨਿਕਲ ਗਿਆ।

ਉਸ ਦੇ ਜਾਂਦੇ ਹੀ ਜ਼ਨਾਨੀ ਨੇ ਆਖਿਆ "ਇਹ ਬੜਾ ਨਿਕੰਮਾ ਆਦਮੀ ਏ। ਬੜਾ ਸ਼ਕੀ ਸੁਭਾਅ ਏ ਇਸ ਦਾ। ਜਿਸ ਦਿਨ ਤੋਂ ਇਸ ਕੋਲ ਰਹਿੰਦੀ ਪਈ ਹਾਂ ਤੰਗ ਆ ਗਈ ਹਾਂ, ਪੱਕੀ ਗਈ ਹਾਂ, ਦੁਖੀ ਹੋ ਗਈ ਹਾਂ। ਤੁਸੀਂ ਪੁਛੋ ਕੀ ਪੁਛਣਾ ਏ ?"

"ਤੁਹਾਡਾ ਪਹਿਲਾ ਸੁਆਲ ਇਹ ਹੈ ਸ਼ਾਇਦ ਕਿ ਮੈਂ ਆਪਣੇ-ਆਪ ਦੇ ਕਿੰਨੀ ਕੁ ਨੇੜੇ ਹਾਂ ਤੇ ਕਿੰਨੀ ਕੁ ਦੂਰ ? ਆਪਣੇ ਆਪ ਨਾਲ ਤਾਂ ਮੇਰੀ ਕਦੇ ਨੇੜਤਾ ਨਹੀਂ ਹੋਈ। ਆਪਣੇ ਆਪ ਨਾਲ ਕਦੇ ਮਿਲਾਪ ਹੀ ਨਹੀਂ ਹੋਇਆ। ਤੁਸੀਂ ਸਮਝ ਲਉ ਕਿ ਮੇਰੇ ਦੋ ਹਿਸੇ ਨੇ। ਇਕ ਹਿਸਾ ਤਾਂ ਸੰਸਾਰ ਤੋਂ, ਸੰਸਾਰੀ ਧੰਧਿਆਂ ਤੋਂ; ਰਿਸ਼ਤੇ ਨਾਤਿਆਂ ਤੋਂ, ਸਕੇ ਸੰਬੰਧਾਂ ਤੋਂ, ਕੰਮਾਂ ਧੰਧਿਆਂ ਤੋਂ ਤੰਗ ਪੈ ਗਿਆ ਹੈ ਉਹ ਹੁਣ ਇਨ੍ਹਾਂ ਤੋਂ ਨਸਣਾ ਚਾਹੁੰਦਾ ਏ ਨਿਬਟਾਰਾ ਚਾਹੁੰਦਾ ਹੈ। ਦੂਜਾ ਹਿਸਾ ਸਾਰਾ ਹੀ ਤਾਗਾਂ, ਉਮੰਗਾਂ, ਵਾਸਨਾ, ਕਾਮ, ਸਵਾਰਥ, ਮਨੋਰਥਾਂ ਤੇ ਬੇ ਫੈਦੀਆਂ, ਫ਼ਜ਼ੂਲ ਉਮੀਦਾਂ ਨਾਲ ਭਰਿਆ ਪਿਆ ਏ। ਮੈਂ ਕਿਸੇ ਦੇ ਨੇੜੇ ਵੀ ਨਹੀਂ, ਕੋਈ ਮੇਰੇ ਨੇੜੇ ਨਹੀਂ। ਨਾ ਹੀ ਮੇਰਾ ਕੋਈ ਗੁਆਂਢ ਏ, ਤੇ ਨਾ ਸੜਕ ਤੇ ਨਾ ਹੀ ਕੋਈ ਵਾਤਾਵਰਣ। ਨਾ ਆਦਮੀ ਮੇਰਾ ਏ—ਨਾ ਮੈਂ ਆਦਮੀ ਦੀ ਹਾਂ। ਕੋਈ ਵੀ ਮੇਰਾ ਨਹੀਂ—ਨਾ ਹੀ ਮੈਂ ਕਿਸੇ ਦੀ ਹਾਂ। ਜਿਸ ਚੀਜ਼ ਦੇ ਪਹਿਲੇ ਹੀ ਦੋ ਹਿਸੇ ਹੋਣ, ਦੋ ਵੱਖ-ਵੱਖ ਹਿਸਿਆਂ ਵਿਚ ਵੰਡਿਆ ਹੋਏ ਉਹ ਦੂਜਿਆਂ ਨੂੰ ਕਿਵੇਂ ਅਪਣਾ ਸਕਦਾ ਏ ? ਆਪ ਦੂਜੇ ਦਾ ਕਿਵੇਂ ਹੋ ਸਕਦਾ ਏ ? ਨਾ ਆਪਣਾ-ਆਪ ਕਿਸੇ ਦੇ ਅਰਪਨ ਕਰ ਸਕਦਾ ਹੈ ਨਾ ਕਿਸੇ ਨੂੰ ਅਪਣਾ ਸਕਦਾ ਹੈ।"

ਗੁਆਂਢੀ ਹੈਰਾਨ ਹੋਇਆ ਉਸ ਜ਼ਨਾਨੀ ਵਲ ਵੇਖਣ ਲਗ ਪਿਆ। ਉਸ ਦੇ ਅੰਤ੍ਰੀਵ ਮਨ ਵਿਚ ਇਕ ਸੁਆਲ ਆਪਣੇ ਆਪ ਤੋਂ ਪੁਛਣ ਲਈ ਵੀ ਉਭਰ ਰਿਹਾ ਸੀ ਪਰ ਉਸ ਨੂੰ ਅੰਦਰੇ ਹੀ ਅੰਦਰ ਦਬਾਈ ਰਖਿਆ।

"ਮੈਂ ਹੁਣ ਚਲਦਾ ਹਾਂ" ਗੁਆਂਢੀ ਨੇ ਕਿਹਾ।

"ਤੁਸਾਂ ਜੋ ਕੁਝ ਅੱਜ ਪੁਛਿਆ ਏ, ਉਹ ਨਾ ਹੀ ਕਦੇ ਕਿਸੇ ਪਹਿਲਾਂ ਪੁਛਿਆ ਸੀ ਤੇ ਨਾ ਹੀ ਕਦੇ ਕੋਈ ਹੋਰ...।"

"ਦਸਦਾ ਏ" ਗੁਆਂਢੀ ਨੇ ਉਸ ਦੀ ਗੱਲ ਪੂਰੀ ਕੀਤੀ। ਪਰ ਇਹ ਵਿਸ਼ਵਾਸ਼ ਰਖਣਾ ਕਿ ਜੋ ਕੁਝ ਤੁਸਾਂ ਆਖਿਆ ਏ ਉਹ ਮੇਰੇ ਤੱਕ ਹੀ ਰਹੇਗਾ, ਸਿਰਫ਼ ਮੇਰੇ ਤੀਕ।"

ਕਹਿੰਦਾ ਹੋਇਆ ਉਹ ਬਾਹਰ ਆਉਣ ਲਗਾ ਤਾਂ ਜ਼ਨਾਨੀ ਨੇ ਡਿਓਢੀ 'ਚੋਂ ਆਖਿਆ "ਇਹੋ ਸੁਆਲ ਕੋਈ ਤੁਹਾਡੇ ਤੋਂ ਵੀ ਤਾਂ ਪੁੱਛ ਸਕਦਾ ਏ। ਆਪਣੇ ਆਪ ਨੂੰ

ਵੀ ਇਹੋ ਜਿਹੇ ਸੁਆਲਾਂ ਲਈ ਤਿਆਰ ਕਰ ਕੇ ਰਖੋ। ਜ਼ਨਾਨੀ ਥੋੜਾ ਹੱਸੀ ਤੇ ਅੰਦਰ ਟੁਰ ਗਈ। ਗੁਆਂਢੀ ਦੇ ਦਿਮਾਗ਼ ਵਿਚ ਭੁਲੇਖੇ ਦੀ ਇਕ ਹਲਕੀ ਜਿਹੀ ਲਹਿਰ ਉਸ ਦੇ ਦਿਮਾਗ਼ 'ਚ ਉਠੀ ਤੇ ਫਿਰ ਬੈਠ ਗਈ।

ਗੁਆਂਢੀ ਹਾਲੇ ਸੋਚ ਹੀ ਰਿਹਾ ਸੀ ਕਿ ਹੁਣ ਉਹ ਕਿਹੜੇ ਪਾਸੇ ਜਾਏ ਕਿ ਇਕ ਹੋਰ ਗੁਆਂਢੀ ਨੇ ਉਸ ਨੂੰ ਅਵਾਜ਼ ਮਾਰੀ, "ਅੱਜ ਕਿਹੜੇ ਪਾਸੇ ..?"

"ਮੈਂ ਤੇਰੇ ਘਰ ਵਲ ਹੀ ਚਲਿਆਂ ਸਾਂ।" ਗੁਆਂਢੀ ਨੇ ਐਸਾ ਜੁਆਬ ਦਿੱਤਾ ਕਿ ਉਹ ਆਦਮੀ ਸੋਚੀਂ ਪੈ ਗਿਆ। ਫਿਰ ਉਸ ਨੇ ਆਖਿਆਂ।

"ਹਾਂ...ਹਾਂ...ਜ਼ਰੂਰ ਆਉ...ਮੈਂ ਘਰ ਹੀ ਜਾ ਰਿਹਾ ਹਾਂ...ਤੇਰਾ ਵੀ ਤਾਂ ਆਪਣਾ ਹੀ ਘਰ ਏ...ਆਉ-ਆਉ —ਚਲੀਏ।"

ਉਹ ਅਗੇ-ਅਗੇ ਟੁਰ ਪਿਆ ਤੇ ਗੁਆਂਢੀ ਪਿੱਛੇ-ਪਿੱਛੇ। ਅੰਦਰ ਪਹੁੰਚ ਕੇ ਗੁਆਂਢੀ ਚੱਕਰਾ ਗਿਆ। ਬਾਹਰੋਂ ਭਜਿਆ-ਟੁਟਿਆ, ਪੁਰਾਣਾ ਜਿਹਾ ਘਰ ਅੰਦਰੋਂ ਤਰ੍ਹਾਂ-ਤਰ੍ਹਾਂ ਦੇ ਕੀਮਤੀ ਸਾਮਾਨ ਨਾਲ ਇੰਨਾਂ ਸਜਿਆ ਸਜਾਇਆ ਸੀ ਕਿ ਕੋਈ ਵਿਸ਼ਵਾਸ ਵੀ ਨਹੀਂ ਸੀ ਕਰ ਸਕਦਾ। ਉਹ ਕਦੇ ਉਸ ਆਦਮੀ ਵਲ ਵੇਖਦਾ ਜਿਹੜਾ ਬੜੇ ਮਾਮੂਲੀ, ਆਮ ਜਿਹੇ ਕਪੜੇ ਪਾਂਦਾ ਸੀ ਤੇ ਹਰ ਮਿਲਣ ਵਾਲੇ ਨੂੰ ਇੰਝ ਹੱਥ ਜੋੜ-ਜੋੜ ਮਿਲਦਾ ਸੀ ਜਿਵੇਂ ਬੜਾ ਨਿਮਾਣਾ ਜਿਹਾ, ਹਰ ਕਿਸੇ ਦਾ ਜ਼ਰ ਖ਼ਰੀਦ ਗ਼ੁਲਾਮ ਹੋਏ।

ਇਕ ਨੁੱਕਰ ਵਿਚ ਇਕ ਮਖ਼ਮਲੀ ਕੁੱਤਾ ਬੰਨ੍ਹਿਆ ਸੀ। ਉਸ ਨੇ ਆਪਣੀ ਜ਼ਿੰਦਗੀ ਵਿਚ ਬੜੀ ਤਰ੍ਹਾਂ ਦੇ ਬੜੇ ਸੋਹਣੇ ਸੋਹਣੇ ਕੁੱਤੇ ਵੇਖੇ ਹੋਏ ਸਨ ਪਰ ਇਸ ਕੁੱਤੇ ਦਾ ਮੂੰਹ ਆਪਣੇ ਮਾਲਕ ਤੋਂ ਵੀ ਵੱਧ ਲਾਲ ਸੀ। ਇਕ ਪਲ ਤਾਂ ਉਸ ਨੂੰ ਲਗਿਆ ਜਿਵੇਂ ਇਸ ਕੁੱਤੇ ਦੀ ਸ਼ਕਲ ਕਈਆਂ ਆਦਮੀਆਂ ਨਾਲ ਰਲਦੀ ਮਿਲਦੀ ਏ। ਪਰ ਖਾਸ ਕਿਸ ਨਾਲ ਮਿਲਦੀ ਏ ? ਉਹ ਸੋਚ ਰਿਹਾ ਸੀ।

"ਬੈਠ ਜਾਉ" ਉਸ ਆਦਮੀ ਨੇ ਕਿਹਾ।

ਉਹ ਬੈਠਣ ਲਗਾ ਤਾਂ ਉਸ ਨੂੰ ਚੱਕਰ ਆਇਆ ਜਿਵੇਂ ਉਸ ਦਾ ਦਿਮਾਗ ਫਿਰ ਗਿਆ ਹੋਏ।

"ਦਸੋ ਕਿੰਝ ਆਉਣਾ ਹੋਇਆ ਏ।" ਉਸ ਆਦਮੀ ਨੇ ਪੁਛਿਆ।

"ਕੁਝ ਸੁਆਲਾਂ ਦੇ ਜੁਆਬ ਤੁਹਾਡੇ ਤੋਂ ਪੁਛਣੇ ਨੇ" ਗੁਆਂਢੀ ਨੇ ਹੌਲੀ ਜਿਹੇ, ਸੰਭਲਦੇ-ਸੰਭਲਦੇ ਆਖਿਆ।

"ਜ਼ਰੂਰ ਪੁਛੋ। ਸਾਡਾ ਫ਼ਰਜ਼ ਬਣਦਾ ਏ ਕਿ ਜੋ ਵੀ ਕੁਝ ਪੁੱਛੇ ਉਸ ਦਾ ਢੁਕਵਾਂ ਜੁਆਬ ਦੇਈਏ।"

"ਨਹੀਂ, ਬਣਦੇ-ਫਬਦੇ, ਢੁਕਵੇਂ ਜੁਆਬ ਨਹੀਂ ਚਾਹੀਦੇ। ਮੈਨੂੰ ਤਾਂ ਬਿਲਕੁਲ ਠੀਕ ਤੇ ਸੱਚ-ਸੱਚ ਜੁਆਬ ਚਾਹੀਦੇ ਨੇ।"

"ਹਾਂ ਹਾਂ, ਠੀਕ ਜੁਆਬ ਵੀ ਦੇ ਸਕਦਾ ਹਾਂ। ਤੁਸੀਂ ਜਿਹੋ ਜਿਹੇ ਸੁਆਲ ਪੁਛੋਗੇ, ਉਹੋ ਜਿਹੇ ਹੀ ਤੁਹਾਨੂੰ ਜੁਆਬ ਮਿਲਣਗੇ।" ਉਸ ਆਦਮੀ ਨੇ ਬੜੇ ਨਾਟਕੀ ਢੰਗ ਨਾਲ ਕਿਹਾ ਤੇ ਹਸਣ ਲਗ ਪਿਆ।

ਗੁਆਂਢੀ ਨੇ ਸੁਆਲ ਸ਼ੁਰੂ ਕੀਤੇ "ਤੁਸੀਂ ਆਪਣੇ ਆਪ ਦੇ ਕਿੰਨੇ ਕੁ ਨੇੜੇ

ਹੋ ?.. ਤੁਸੋ ਆਪਣੇ ਘਰ ਦੇ ਕਿੰਨੀ ਕੁ ਨੇੜੇ ਹੋ...? ਸੜਕ ਦੇ, ਸ਼ਹਿਰ ਦੇ...ਮਨੁੱਖਤਾ ਦੇ ਕਿੰਨੀ ਕੁ ਨੇੜੇ ਹੋ ? ਇਨ੍ਹਾਂ ਸਭਨਾਂ ਨਾਲ ਕਿੰਨਾ ਕੁ ਜੁੜੇ ਹੋਏ ਹੋ ?"

"ਬਸ...! ਇੰਨੀ ਕੁ ਗੱਲ ਸੀ ? ਮੈਂ ਸੋਚਿਆ ਪਤਾ ਨਹੀਂ ਤੁਸੀਂ ਕਿਹੋ ਜਿਹੇ ਉਪਰੇ-ਉਪਰੇ ਸੁਆਲ ਪੁਛੋਗੇ ? ਦਰਅਸਲ ਮੇਰਾ ਆਪਣਾ ਆਪ ਹੀ ਕੋਈ ਨਹੀਂ...ਮੈਂ ਤਾਂ ਆਪਣਾ ਸਭ ਕੁਝ ਵੰਡ ਬੈਠਾ ਹਾਂ...ਲੋਕਾਂ ਨੂੰ...ਸ਼ਹਿਰ ਨੂੰ...ਇਕ ਇਕ ਆਦਮੀ ਨੂੰ। ਉਨ੍ਹਾਂ ਸਭਨਾ ਕੋਲ ਜੋ ਹੈ ਸਭ ਕੁਝ ਮੇਰਾ ਹੀ ਏ। ਉਨ੍ਹਾਂ ਦੀ ਹੋਂਦ ਨਾਲ ਹੀ ਮੇਰੀ ਹੋਂਦ ਏ...ਮੇਰਾ ਆਪਣਾ ਕੁਝ ਵੀ ਨਹੀਂ...ਮੇਰੇ ਵਿਚਾਰ ਤੇ ਗੱਲਾਂ ਸੁਣ ਕੇ ਤੁਸੀਂ ਜ਼ਰੂਰ ਪ੍ਰਭਾਵਿਤ ਹੋਏ ਹੋਵੋਗੇ...ਤੇ ਮੇਰੀਆਂ ਗੱਲਾਂ ਦਾ ਸਮਰਥਨ ਕਰੋਗੇ.. " ਆਦਮੀ ਨੇ ਬੜੀ ਗੰਭੀਰਤਾ ਨਾਲ ਕਿਹਾ।

ਉਹ ਕੁਝ ਵੀ ਜੁਆਬ ਨਾ ਦੇ ਸਕਿਆ। ਉਸ ਘਰ ਦੀ ਸਜਾਵਟ ਤੇ ਸਾਮਾਨ ਤਾਂ ਉਸ ਨੇ ਕਦੇ ਸੁਫ਼ਨੇ ਵਿਚ ਵੀ ਨਹੀਂ ਸੀ ਵੇਖਿਆ। ਕੀਮਤੀ ਸ਼ੀਸ਼ੇ, ਸੁੰਦਰ ਤੇ ਮਹਿੰਗੇ ਫ਼ਾਨੂਸ, ਲਿਸ਼ਕਦੇ ਚਮ-ਚਮ ਕਰਦੇ ਬਾਰੀਆਂ ਬੂਹੇ—ਝੂਮਦੇ-ਝਾਮਦੇ ਰੇਸ਼ਮੀ-ਰੇਸ਼ਮੀ ਪਰਦੇ।

"ਤੁਹਾਡੇ ਘਰ ਦੀਆਂ ਇਹ ਸਾਰੀਆਂ ਚੀਜ਼ਾਂ ਕੌਣ ਵਰਤਦਾ ਏ ?" ਗੁਆਂਢੀ ਨੇ ਪੁਛਿਆ।

"ਮੇਰਾ ਤਾਂ ਇਨ੍ਹਾਂ ਚੀਜ਼ਾਂ ਨਾਲ ਹੱਥ ਵੀ ਛੋਹ ਜਾਏ ਤਾਂ ਮੈਂ ਤਿੰਨ-ਤਿੰਨ ਵਾਰੀ ਮਿੱਟੀ ਨਾਲ ਹੱਥ ਧੋਂਦਾ ਹਾਂ। ਇਹ ਮੁੰਡੇ-ਖੁੰਡੇ, ਕੁੜੀਆਂ-ਚਿੜੀਆਂ ਤੇ ਜ਼ਨਾਨੀਆਂ ਹੀ ਵਰਤਦੀਆਂ ਨੇ। ਮੈਂ ਵੀ ਆਸ-ਪਾਸ ਦੇ ਤੁਹਾਡੇ ਹੀ ਵਾਤਾਵਰਣ ਵਿਚ ਰਹਿਣ ਵਾਲਾ ਆਦਮੀ ਹਾਂ। ਆਪਣੇ ਲਈ ਮੈਂ ਕੁਝ ਵੀ ਨਹੀਂ ਕਰਦਾ...ਪਰ ਘਰ ਵਾਲਿਆਂ ਲਈ ਸਭ ਕੁਝ ਕਰਨਾ ਪੈਂਦਾ ਏ!"

"ਹਾਂ, ਕਰਨਾ ਹੀ ਪੈਂਦਾ ਏ" ਗੁਆਂਢੀ ਨੇ ਆਖਿਆ। ਪਰ ਨਾਲ ਹੀ ਸੋਚਿਆ ਇਸ ਆਦਮੀ ਨੇ ਬੜਾ ਹੀ ਕੀਮਤੀ ਮੁਖੌਟਾ ਚਾੜ੍ਹਿਆ ਹੋਇਆ ਏ ਤੇ ਨਕਲ ਨੂੰ ਅਸਲ ਦਾ ਧੋਖਾਂ ਦੇ ਰਿਹਾ ਹੈ।

ਉਸ ਗੁਆਂਢੀ ਨੇ ਬੜੀ ਨੀਵੀਂ ਆਵਾਜ਼ ਵਿਚ ਨਿਮ੍ਰਤਾ ਨਾਲ ਕਿਹਾ "ਮੁਖੌਟਾ ਉਤਾਰ ਦਿਉ.. ਮੁਖੌਟਾ ਪਾਣ ਦੀ ਲੋੜ ਤਾਂ ਤੁਹਾਨੂੰ ਉਥੇ ਪੈਣੀ ਚਾਹੀਦੀ ਏ ਜਿਥੇ ਮੁਖੌਟਿਆਂ ਵਾਲਿਆਂ ਨਾਲ ਗੱਲ ਕਰਨੀ ਹੋਏ।"

ਉਹ ਆਦਮੀ ਥੋੜ੍ਹਾ ਹਸਿਆ ਤੇ ਫਿਰ ਉਸ ਨੇ ਮੱਥਾ ਚਾੜ੍ਹਿਆ, ਮੱਥੇ ਵਟ ਪਾ ਲਏ। "ਤੁਸੀਂ ਮੇਰੇ ਘਰ ਹੀ ਬੈਠੇ ਹੋ...ਮੈਂ ਐਵੇਂ ਐਰੇ-ਗ਼ੈਰੇ ਨੂੰ ਤਾਂ ਘਰ ਵਿਚ ਵੜਨ ਨਹੀਂ ਦਿੰਦਾ...ਤੁਹਾਨੂੰ ਪਛਾਣਨ ਵਿਚ ਭੁਲ ਗਿਆ—ਤੁਸੀਂ ਇਥੋਂ ਜਲਦੀ ਹੀ ਚਲੇ ਜਾਉ ਨਹੀਂ ਤਾਂ ਪਤਾ ਨਹੀਂ ਮੈਂ ਤੁਹਾਡੇ ਨਾਲ ਕੀ ਸਲੂਕ ਕਰ ਬੈਠਾਂ।"

ਗੁਆਂਢੀ ਧੀਰਜ ਨਾਲ ਬੈਠਾ ਰਿਹਾ ਤਾਂ ਲਾਲ ਮੂੰਹ ਵਾਲਾ ਕੁੱਤਾ ਗੁਰ-ਗੁਰ... ਗੁਰਾਉਣ ਲਗਾ।

"ਮੈਂ ਚਲਦਾ ਹਾਂ, ਅੱਜ ਮੈਨੂੰ ਨਵੀਂ ਗਲ ਦਾ ਪਤਾ ਲਗਾ ਏ। ਆਦਮੀਆਂ ਲਈ ਤਾਂ ਮਖੌਟੇ ਮਿਲਦੇ ਸਨ...ਆਦਮੀ ਤਾਂ ਮੁਖੌਟੇ ਚਾਹੜ ਲੈਂਦੇ ਸਨ—ਹੁਣ ਮਕਾਨ ਨੂੰ

ਵੀ ਮੁਖੌਟੇ ਚੜ ਗਏ ਨੇ-ਪਛਾਣੇ ਹੀ ਨਹੀਂ ਜਾਂਦੇ।"

ਮੁਹਾਠ ਟਪਦੇ ਹੋਏ ਉਸ ਆਦਮੀ ਦੇ ਭਜੇ ਟੁੱਟੇ ਜਿਹੇ ਬੂਹੇ ਨੇ ਉਸ ਨੂੰ ਐਸਾ ਧਿੱਕਾ ਦਿੱਤਾ ਕਿ ਉਹ ਮੂੰਧੜੇ ਮੂੰਹ ਬਾਹਰ ਗਲੀ ਵਿਚ ਆ ਡਿਗਿਆ। ਆਰਕਾਂ ਰਗੜੀਆਂ ਗਈਆਂ। ਕੋਲੋਂ ਲੰਘਦਾ ਇਕ ਹੋਰ ਆਦਮੀ ਹਸਿਆ। "ਸ਼ਰੀਫ਼ ਆਦਮੀ ਕੰਜਰਾਂ ਦੇ ਘਰੋਂ ਇਵੇਂ ਹੀ ਬਾਹਰ ਧਕਿਆ ਜਾਂਦਾ ਏ..."

ਗੁਆਂਢੀ ਇਕ ਹੋਰ ਕਮਰੇ ਵਿਚ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਕੰਧਾਂ ਉੱਤੇ ਕਾਗਜ਼ ਲਗੇ ਹਨ, ਛੱਤ ਤੋਂ ਕਾਗਜ਼ ਲਟਕ ਰਹੇ ਹਨ, ਜ਼ਮੀਨ ਉਤੇ ਕਾਗਜ਼ ਹੀ ਕਾਗਜ਼ ਖਿਲਰੇ ਫੜ-ਫੜਾ ਰਹੇ ਹਨ ਤੇ ਕਮਰੇ ਦੇ, ਚੁਤਰਫ਼ੀ ਕਾਗਜ਼ਾਂ ਦੇ ਢੇਰ ਲਗੇ ਹਨ ਤੇ ਇਕ ਲਿਖਾਰੀ ਕਾਗਜ਼ ਅਗੇ ਧਰੀ ਬੈਠਾ ਸੀ।

ਗੁਆਂਢੀ ਦੇ ਵੀਹ ਵਾਰੀ ਬੁਲਾਉਣ ਤੇ ਉਸ ਨੇ ਇਕੋ ਵਾਰੀ ਹੀ 'ਹੂੰ..ਹਾਂ' ਕੀਤੀ ਤੇ ਫਿਰ ਕਾਗਜ਼ ਵਲ ਇਕ ਟੱਕ ਵੇਖਦਾ ਰਿਹਾ।

"ਮੈਂ ਤੁਹਾਡੇ ਕੋਲੋਂ ਕੁਝ ਪੁਛਣਾ ਚਾਹੁੰਦਾ ਹਾਂ ?"

"ਮੈਨੂੰ ਵਿਹਲ ਨਹੀਂ। ਮੈਨੂੰ ਕੁਝ ਬਣਾ ਲੈਣ ਦੇ ਫਿਰ ਤੇਰੇ ਨਾਲ ਗੱਲ ਕਰੂੰਗਾ" ਲਿਖਾਰੀ ਨੇ ਆਖਿਆ।

"ਕੀ ਬਨਾਣਾ ਚਾਅ ਰਹੇ ਹੋ ਤੁਸੀਂ ?" ਗੁਆਂਢੀ ਨੇ ਕੁਝ ਹੈਰਾਨ ਹੋ ਕੇ ਪੁਛਿਆ।

"ਮੈਂ ਅੱਖਾਂ ਬਨਾਣਾ ਚਾਹੁੰਦਾ ਹਾਂ।"

"ਅਖੀਆਂ ! ਇੰਨਾਂ ਸਾਰਿਆ ਕਾਗਜ਼ਾਂ ਉੱਤੇ ਅੱਖਾਂ ਬਨਾਣੀਆਂ ਨੇ ?"

"ਹਾਂ, ਅੱਖਾਂ ਬਣਾਵਾਂਗਾ। ਮੈਂ ਖੁਦ ਬੜੀ ਬਿਪਤਾ ਵਿਚ ਫਸਿਆ ਹਾਂ। ਅੱਖਾਂ ਬਨਾਣ ਤੋਂ ਬਿਨਾ ਮੈਂ ਇਸ ਜਾਲ ਚੋਂ ਨਹੀਂ ਨਿਕਲ ਸਕਦਾ।" ਬੜੀ ਉਦਾਸੀ ਨਾਲ ਲਿਖਾਰੀ ਨੇ ਆਖਿਆ।

"ਕੀ ਬਿਪਤਾ ਪੈ ਗਈ ਏ ਤੈਨੂੰ...? ਕੈਸਾ ਜਾਲ ਏ...?"

"ਬੜੀ ਵਡੀ ਬਿਪਤਾ ਏ। ਮੈਂ ਇਥੇ ਇਨ੍ਹਾਂ ਕੰਧਾਂ,ਇੰਨਾਂ ਇੱਟਾਂ ਕੋਲ ਜੰਮਿਆ, ਜੁਆਨ ਹੋਇਆ। ਇੰਨਾਂ ਹੀ ਗਲੀਆਂ-ਸੜਕਾਂ ਉੱਤੇ ਟੁਰਿਆ। ਸਾਰੇ ਸ਼ਹਿਰ ਵਿਚ ਘੁੰਮਿਆ। ਲੋਕਾਂ ਨਾਲ ਵਰਤਣ-ਵਰਤਾਣ ਕੀਤਾ, ਦੋਸਤੀ ਕੀਤੀ ਪਰ ਹਰ ਥਾਂ ਮੈਨੂੰ ਭਾਸਿਆ ਜਿਵੇਂ ਮੈਂ ਅੰਨਾ ਹਾਂ ! ਇੰਨ੍ਹਾਂ ਸਾਰੇ ਲੋਕਾਂ ਦਾ ਮੇਰੇ ਨਾਲ ਕੀ ਸਬੰਧ ਏ ? ਤੇ ਮੇਰਾ ਇੰਨ੍ਹਾਂ ਸਾਰੇ ਲੋਕਾਂ ਨਾਲ ਕੀ ਰਿਸ਼ਤਾ-ਨਾਤਾ ਏ ? ਕੁਝ ਸਮਝ ਨਹੀਂ ਆਈ ਕੁਝ ਵੇਖ ਨਹੀਂ ਸਕਿਆ। ਪਰ ਇਹ ਜ਼ਰੂਰ ਮਹਿਸੂਸਿਆ ਏ ਜੇ ਇੰਨ੍ਹਾਂ ਨਾਲ ਮੇਰਾ ਬੜਾ ਭਾਰਾ ਸਬੰਧ ਏ, ਅਸੀਂ ਇਕ ਰਿਸ਼ਤੇ ਵਿਚ ਬਝੇ ਹੋਏ ਹਾਂ ਸਾਰੇ ਆਦਮੀ ਸ਼ਹਿਰ-ਨਗਰ,

ਸੜਕਾਂ, ਗਲੀਆਂ, ਵੱਟੇ, ਇੱਟਾਂ, ਰੁੱਖ, ਟਾਹਣੀਆਂ । ਇੰਨ੍ਹਾਂ ਦਾ ਵੀ ਮੇਰੇ ਨਾਲ ਅਟੁਟ ਰਿਸ਼ਤਾ ਏ । ਪਰ ਸਾਡਾ ਆਪਸੀ ਰਿਸ਼ਤਾ ਕੀ ਏ ? ਕਿੰਵੇਂ ਸਾਡਾ ਸਬੰਧ ਏ ? ਮੈਂ ਇਹ ਸੁਆਲ ਸੁਲਝਾਣਾ ਚਾਹੁੰਦਾ ਹਾਂ । ਮੈਂ ਅੱਖਾਂ ਬਣਵਾ ਕਿ ਸਭ ਕੁਝ ਵੇਖਣਾ ਪਰਖਣਾ ਚਾਹੁੰਦਾ ਹਾਂ ।'' ਲੇਖਕ ਨੇ ਕਿਹਾ ।

''ਜੋ ਕੁਝ ਤੁਸਾਂ ਅੱਜ ਤੀਕਰ ਵੇਖਿਆ, ਸੁਣਿਆ ਹੈ ਉਸ ਬਾਰੇ ਹੀ ਕੁਝ ਦਸੋ ।'' ਗੁਆਂਢੀ ਨੇ ਆਖਿਆ ।

ਸੁਆਲ ਸੁਣ ਕੇ ਗੁਆਂਢੀ ਨਿਮੋਝੂਣ ਹੋ ਗਿਆ । ਅੱਖਾਂ, ਕੰਨ, ਹਥ-ਪੈਰ, ਲਤਾਂ ਤੇ ਮੁਖੌਟਿਆਂ ਦੇ ਆਪਸੀ ਰਿਸ਼ਤਿਆਂ ਸਬੰਧਾਂ ਦੀ ਕਹਾਣੀ ਬੜੀ ਦਰਦ ਨਾਕ ਸਾਬਤ ਹੋਈ । ਹਰ ਥਾਂ ਲਗਿਆ ਕਿ ਜਿਥੇ, ਜੋ ਕੁਝ ਵੀ ਮੈਂ ਵੇਖ ਰਿਹਾ ਹਾਂ ਸਚਾਈ ਤੇ ਅਸਲੀਅਤ ਤਾਂ ਉਸ ਤੋਂ ਬਿਲਕੁਲ ਉਲਟ ਹੈ । ਸਾਰੇ ਪਾਸੇ ਹੀ ਉਲਟੀ ਗੰਗਾ ਹੈ । ਜੋ ਕੁਝ ਅਸਲ ਤੇ ਸੱਚ ਏ ਉਸ ਨੂੰ ਵੇਖਣ ਤੇ ਪਛਾਣਨ ਦੀ ਲੋੜ ਏ ।

''ਤੁਸੀਂ ਸੜਕਾਂ ਲਈ, ਲੋਕਾਂ ਲਈ, ਸ਼ਹਿਰ ਲਈ ਕੀ ਕਰਦੇ ਹੋ ਜਾਂ ਕਦੇ ਸੋਚਦੇ ਹੋ'' ਗੁਆਂਢੀ ਨੇ ਪੁਛਿਆ ।

''ਮੇਰੇ ਵਿਚ ਤਾਂ ਜ਼ਰਾ ਵੀ ਸਮਰਥਾ ਨਹੀਂ, ਸਮਰਥਾ ਤਾਂ ਲੋਕਾਂ ਵਿਚ ਏ, ਮਨੁਖਾਂ ਵਿਚ, ਜਿੰਨਾ ਕਾਰਣ ਮੇਰੀ ਹੋਂਦ ਹੈ, ਜਿੰਨਾਂ ਲਈ ਮੈਂ ਜੀਊਂਦਾ ਹਾਂ । ਉਝ ਮੇਰੀ ਇਹੋ ਹੀ ਤਾਂਘ ਤੇ ਚਾਅ ਏ ਜਿ ਲੋਕ ਸੋਚਣ ਲਗ ਪੈਣ ਕਿ ਮੁਖੌਟੇ ਕੀ ਨੇ ? ਮਨੁਖ ਕੀ ਏ ? ਸੜਕਾਂ ਕੀ ਨੇ...? ਕੀ ਨਾਤਾ ਹੈ ਤੇ ਸਾਡਾ ਵਾਤਾਵਰਣ ਕੀ ਹੈ ? ਬਸ...। ਇਹੋ ਕੁਝ ।''

ਗਲੀ ਦੇ ਲੋਕ ਉਚੀਆਂ-ਉਚੀਆਂ ਆਵਾਜ਼ਾਂ ਕਢ ਕੇ ਖ਼ੂਬ ਸ਼ੋਰ ਮੱਚਾ ਰਹੇ ਸਨ, ਰੁਰਲਦ ਪਾ ਰਹੇ ਸਨ ਤੇ ਸ਼ੋਰ-ਸ਼ਰਾਬਾ ਉਸ ਦੇ ਕੰਨਾਂ ਨਾਲ ਜ਼ੋਰ-ਜ਼ੋਰ ਦੀ ਵਜ ਰਿਹਾ ਸੀ। ਉਸ ਨੇ ਉੱਠ ਕੇ ਬੂਹੇ ਬੰਦ ਕਰ ਲਏ। ਕੁੰਡੀ ਮਾਰ ਲਈ। ਹੁਣ ਕੰਧਾਂ ਨੇ ਰੌਲਾ ਮਚਾਣਾ ਸ਼ੁਰੂ ਕੀਤਾ, ਫਰਸ਼ਾਂ ਨੇ ਬੁੜ-ਬੁੜ ਸ਼ੁਰੂ ਕੀਤੀ। ਉਸ ਨੇ ਆਪਣੇ ਦੋਹਾਂ ਕੰਨਾਂ ਵਿਚ ਉਂਗਲੀਆਂ ਦੇ ਲਈਆਂ ਤਾਂ ਗਲੀ ਚੋਂ ਲੋਕਾਂ ਦਾ ਸ਼ੋਰ, ਕੰਧਾਂ ਤੇ ਫ਼ਰਸ਼ਾਂ ਦਾ ਸ਼ੋਰ ਉਸ ਦੇ ਆਪਣੇ ਅੰਦਰੋਂ ਸੁਨੀਣ ਲਗਾ। ਅਖੀਰ ਉਸ ਨੇ ਬੂਹਾ ਖੋਹਲਿਆ ਤੇ ਬਾਹਰ ਵਲ ਨਿਕਲ ਗਿਆ।

ਬਾਹਰ ਬੜੀ ਤੇਜ਼ ਧੁੱਪ ਸੀ ਤੇ ਲਿਸ਼ਕਾਰ ਅੱਖਾਂ 'ਚ ਚੁਭਦਾ ਸੀ। ਪਰ ਲੋਕਾਂ ਦਾ ਇਕੱਠ ਅੱਖਾਂ ਕਢ ਕਢ ਰੌਲਾਂ ਮਚਾਈ ਜਾਂਦੇ ਸਨ। ਉਹ ਵੀ ਅਗੇ ਵੱਧ ਕੇ ਉਨ੍ਹਾਂ ਵਿਚ ਹੀ ਜਾ ਰਲਿਆ। ਲੋਕ ਆਪੋ ਵਿਚ ਘਸਰਦੇ ਰਹੇ, ਇਕੱਠ ਵਧਦਾ ਗਿਆ। ਲੋਕ ਇਸ ਤਰ੍ਹਾਂ ਘੁਮ ਰਹੇ ਸਨ ਜਿਵੇਂ ਮਕੋੜਿਆਂ ਵਿਚ ਭਜ ਦੌੜ ਪਈ ਹੋਏ। ਇਕੋ ਹੀ ਥਾਂ ਆਪਣੀਆਂ ਅਡੀਆਂ ਉੱਤੇ ਸਾਰੇ ਫਿਰਦੇ ਰਹੇ। ਇਕ ਆਦਮੀ ਦੂਜੇ ਨੂੰ ਦੂਰੋਂ ਹੀ ਕਹਿ ਰਿਹਾ ਸੀ "ਮੇਰੇ ਘਰ ਦੇ ਖਬੇ ਪਾਸੇ ਉੱਚਾ ਮਕਾਨ ਬਣਿਆ ਤਾਂ ਵੀ ਮੈਨੂੰ ਕੋਈ ਫਰਕ ਨਹੀਂ ਪਿਆ ਪਰ ਤੂੰ ਤੀਸਰੀ ਮੰਜ਼ਿਲ ਚਾਹੜ ਕੇ ਮੇਰੀ ਧੁੱਪ ਤੇ ਹਵਾ ਰੋਕ ਲਿਤੀ ਏ, ਮੈਂ ਤੇਰੇ ਤੋਂ ਵਧ ਕਰ ਕੇ ਦਸਾਂਗਾ।"

"ਤੂੰ ਵੀ ਉਸੇ ਦੇ ਢਿਡ ਚੋਂ ਬਾਹਰ ਨਿਕਲਿਆ ਏਂ, ਜਿਸ ਦਾ ਮੈਂ ਜਾਇਆ ਹਾਂ... ਤੂੰ ਮੇਰੇ ਤੋਂ ਵੱਧ ਨਹੀਂ ਕਰ ਸਕਦਾ।

ਦੂਜੀ ਥਾਂ ਹੋਰ ਰੌਲਾ ਮਚਿਆ ਸੀ। ਇਕ ਬੜੀ ਜੁਆਨ ਤੇ ਜ਼ੋਰਾਵਰ ਜ਼ਨਾਨੀ ਨੇ ਚਾਰ ਬਾਂਹਵਾਂ ਲਗਾਈਆਂ ਹੋਈਆਂ ਸਨ। ਉਹ ਮਰਦ ਨੂੰ ਕਹਿ ਰਹੀ ਸੀ "ਤੂੰ ਮੈਨੂੰ ਮਰਦ ਬਨਣ ਤੋਂ ਰੋਕ ਨਹੀਂ ਸਕਦਾ। ਤੇਰਾ ਵਿਚਾਰ ਗ਼ਲਤ ਸੀ ਕਿ ਜ਼ਨਾਨੀ ਕੁਲ ਵਧਾਉਣ ਲਈ ਹੁੰਦੀ ਏ। ਜ਼ਨਾਨੀ ਕੁਲ ਵੀ ਵਧਾਂਦੀ ਏ, ਸਰਬੰਸ ਵੀ ਪੈਦਾ ਕਰਦੀ ਏ ਤੇ ਆਫ਼ਤ ਵੀ ਲਿਆ ਸਕਦੀ ਏ। ਤੇ ਹੁਣ ਮੈਂ ਮਰਦ ਬਣ ਕੇ ਆਫ਼ਤ ਲਿਆਉਣੀ ਏ।"

"ਪਰ ਮੈਂ ਤੇਰਾ ਕੀ ਵਿਗਾੜਿਆ ਏ—ਤੂੰ ਮੇਰੇ ਲਈ ਰਾਖਸ਼ਣੀ ਕਿਉਂ ਬਣ ਰਹੀ ਏਂ ?" ਮਰਦ ਨੇ ਪੁਛਿਆ।

"ਤੇਰੇ ਹੱਥ ਕੁਝ ਹੋਰ ਕਰਦੇ ਨੇ, ਅੱਖਾਂ ਕਿਧਰੇ ਹੋਰ ਹੁੰਦੀਆਂ ਨੇ। ਲੱਤਾਂ-ਬਾਹਵਾਂ ਕਿਧਰੇ ਹੋਰ ਹੁੰਦੇ ਨੇ ਤੇ ਦਿਮਾਗ਼ ਕੁਝ ਹੋਰ ਸੋਚਦਾ ਏ। ਤੂੰ ਤੇ ਟੋਟਾ-ਟੋਟਾ ਆਦਮੀ ਏਂ,

ਮੈਂ ਇਨ੍ਹਾਂ ਟੋਟਿਆਂ ਨਾਲ ਕਿੰਨਾਂ ਚਿਰ ਲੰਘਾਣਾ ਏ ? ਸਿਰਫ਼ ਇਸ ਉਮੀਦ ਉੱਤੇ ਕਿ ਤੂੰ ਕਦੇ ਤਾਂ ਸਾਬਤ ਆਦਮੀ ਬਣੇਂਗਾ—ਪਰ ਇਹ ਮੇਰੀ ਭੁੱਲ ਸੀ।"

"ਮੈਂ ਸਾਬਤ-ਸਬੂਤ ਬੰਦਾ ਹਾਂ" ਮਰਦ ਚੀਕਿਆ।

"ਬਿਲਕੁਲ ਝੂਠ...। ਜੇਕਰ ਤੂੰ ਸਾਬਤ ਮਨੁੱਖ ਏਂ ਤਾਂ ਮੇਰੇ ਕੋਲ ਕਿਉਂ ਨਹੀਂ— ਸਿਰਫ਼ ਮੇਰਾ ਹੀ ਕਿਉਂ ਨਹੀਂ ?"

"ਮੈਂ ਤੇਰਾ ਹਾਂ, ਸਾਬਤ ਪੂਰਾ ਮਰਦ ਤੇਰਾ ਹੀ ਹਾਂ।"

"ਨਹੀਂ ! ਤੂੰ ਸਾਬਤ-ਸਬੂਤ ਹੋ ਹੀ ਨਹੀਂ ਸਕਦਾ। ਤੇਰੇ ਅੰਦਰ ਬਹੁਤ ਸਾਰੀਆਂ ਅੱਖਾਂ, ਬਹੁਤ ਸਾਰੇ ਹੋਠਾਂ, ਅਲਗ-ਅਲਗ ਸਰੀਰਾਂ—ਵਖਰੀਆਂ ਵਖਰੀਆਂ ਆਵਾਜ਼ਾਂ ਦਾ ਕੂੜਾ ਭਰਿਆ ਹੋਇਆ ਹੈ।"

ਮਰਦ ਚੀਕੀ ਜਾ ਰਿਹਾ ਸੀ "ਨਹੀਂ.. ਨਹੀਂ.. ਨਹੀਂ।"

ਇਕ ਆਦਮੀ ਨੂੰ ਉਸ ਨੇ ਬਾਂਹ ਤੋਂ ਫੜ ਘਸੀਟ ਕੇ ਆਪਣੇ ਕੋਲ ਆਂਦਾ, "ਤੁਸੀਂ ਹੀ ਫੈਸਲਾ ਕਰੋ, ਇਹ ਆਦਮੀ ਮੇਰੇ ਨਾਲ ਲੜ ਰਿਹਾ ਏ। ਬੜੀ ਦੇਰ ਪਹਿਲਾਂ ਇਸ ਆਦਮੀ ਨੇ ਮੇਰੇ ਘਰ ਦੀ ਇੱਟ ਕਢ ਕੇ ਆਪਣੇ ਘਰ ਲਗਾ ਲਈ। ਹੋਲੀਂ ਹੋਲੀਂ ਅਸੀਂ ਇਕ ਦੂਏ ਦੀਆਂ ਸਾਰੀਆਂ ਇੱਟਾਂ ਆਪੋ ਆਪਣੀਆਂ ਕੰਧਾਂ ਵਿਚ ਲਗਾ ਲਈਆਂ। ਸਮਝੋ ਸਾਰਾ ਘਰ ਹੀ ਬਦਲਿਆ ਗਿਆ। ਅੱਜ ਇਹਡੇ ਵਰ੍ਹਿਆਂ ਬਾਅਦ ਇਹ ਆਦਮੀ ਮੈਨੂੰ ਚੋਰ ਆਖ ਰਿਹਾ ਏ। ਆਖ ਰਿਹਾ ਏ ਜੇ ਮੈਂ ਇਸ ਦੀਆਂ ਇੱਟਾਂ ਨਹੀਂ ਚੁਰਾਂਦਾ ਤਾਂ ਇਸ ਦਾ ਕੋਠਾ ਮੇਰੇ ਤੋਂ ਦੂਗਣਾ-ਤਿਗਣਾ ਉੱਚਾ ਹੋਣਾ ਸੀ। ਬਸ ਇਹੋ ਹੀ ਲੜਾਈ ਏ ਸਾਡੀ।

"ਇਸ ਨੇ ਧੋਖਾ ਦਿਤਾ ਏ, ਇਹ ਅਪਰਾਧੀ ਏ।" ਇਕ ਆਦਮੀ ਨੇ ਬੈਠੇ ਹੋਏ ਇਕ ਆਦਮੀ ਦੀ ਠੋਡੀ ਚੁਕੀ ਤੇ ਉਸ ਦਾ ਮੂੰਹ ਸਾਰਿਆਂ ਨੂੰ ਦਸਿਆ "ਇਸ ਕੋਲ ਇਕ ਮੂਰਤੀ ਸੀ, ਅਸੀਂ ਉਸ ਦੀ ਪੂਜਾ ਕਰਦੇ ਰਹੇ, ਫੁਲ, ਫਲ, ਅਨਾਜ, ਪੈਸੇ ਤੇ ਮੇਵੇ ਚੜ੍ਹਾਂਦੇ ਰਹੇ। ਫਿਰ ਇਸ ਨੇ ਮੂਰਤੀ ਅਗੇ ਪਰਦਾ ਟੰਗ ਦਿਤਾ। ਅਸੀਂ ਬੜਾ ਕੁਝ ਕੀਤਾ ਤਰਲੇ ਮਿੰਨਤਾਂ ਕੀਤੀਆਂ ਪਰ ਇਸ ਨੇ ਅੰਦਰੋਂ ਅੰਦਰੀਂ ਹੀ ਲੋਭ 'ਚ ਆ ਕੇ ਮੂਰਤੀ ਵੇਚ ਦਿਤੀ। ਅਸੀਂ ਨਿਰੇ ਪਰਦੇ ਦੀ ਹੀ ਪੂਜਾ ਕਰਦੇ ਰਹੇ। ਹੁਣ ਵੀ ਪਰਦਾ ਢੂਕਿਆ ਗਿਆ ਏ ਤਾਂ ਇਸ ਦੀ ਕਰਤੂਤ ਨੰਗੀ ਹੋਈ ਏ।" ਫਿਰ ਉਸ ਆਦਮੀ ਨੂੰ ਕਿਹਾ, "ਹੁਣ ਇਹਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ। ਇਸ ਨੂੰ ਇਥੋਂ ਕਢ ਦਿਉ—ਲੋਕਾਂ ਚੋਂ ਕਢ ਦਿਉ...

"ਹਾਂ...ਹਾਂ...ਜ਼ਰੂਰ ਕਢ ਦਿਉ ਤੇ ਇਸ ਦਾ ਸਾਮਾਨ ਦਰਿਆ ਵਿਚ ਰੋਹੜ

ਦਿਉ।" ਦੋ ਚਾਰ ਆਦਮੀਆਂ ਇਕੱਠੇ ਹੀ ਕਿਹਾ।

"ਪਰ ਮੈਂ ਉਹ ਮੂਰਤੀ ਤਾਂ ਵਾਪਸ ਲੈ ਆਇਆ ਹਾਂ।" ਉਸ ਆਦਮੀ ਨੇ ਬੜੀ ਅਧੀਨਗੀ ਨਾਲ ਕਿਹਾ।

ਇਕ ਹੋਰ ਨੇ ਮੁੱਕਾ ਕਸਿਆ "ਅਸੀਂ ਵਿਕੀ ਹੋਈ ਮੂਰਤੀ ਦੀ ਪੂਜਾ ਕਰਨ ਵਾਲੇ ਨਹੀਂ ਹਾਂ...ਆਪ ਵਿਕ ਸਕਦੇ ਹਾਂ, ਪਰ ਇਹ ਅਨਰਥ ਨਹੀਂ ਕਰ ਸਕਦੇ।

ਇਕ ਆਦਮੀ ਜ਼ੋਰ-ਸ਼ੋਰ ਦੀ ਚੀਕ ਰਿਹਾ ਸੀ "ਇਸ ਆਦਮੀ ਤੋਂ ਇਕ-ਇਕ ਪੈਸੇ ਦਾ ਹਿਸਾਬ ਲਉ। ਇਹ ਪੈਸਾ ਸਾਰਿਆਂ ਦਾ ਸਾਂਝਾ ਸੀ। ਅਜਾਂ ਸੋਚਿਆ ਇਸ ਪੈਸੇ ਨਾਲ ਅਸੀਂ ਚੋਰਸ ਵਡੇ ਚਾਰ ਗੇਟਾਂ ਵਾਲਾ ਬਹੁਤ ਵਡਾ ਜਹਾਜ਼ ਜਿਹਾ ਮਕਾਨ ਬਣਾਵਾਂਗੇ। ਉਸ ਦੇ ਇਕ ਪਾਸੇ ਅਨਾਜ ਦੇ ਗੁਦਾਮ ਭਰਾਂਗੇ। ਦੂਜੇ ਪਾਸੇ ਸਾਰੇ ਭਗਵਾਨਾਂ ਦੀਆਂ ਮੂਰਤੀਆਂ ਰਖ ਦਿਆਂਗੇ। ਤੀਜੇ ਪਾਸੇ ਰੁਪਏ-ਪੈਸਿਆਂ ਦੀ ਵਡੀ ਮਸ਼ੀਨ ਲਗਾਵਾਂਗੇ ਤੇ ਚੌਥੇ ਪਾਸੇ ਸੋਨੇ, ਚਾਂਦੀ, ਪਿਤਲ, ਤਾਂਬੇ, ਜਿਸਤ ਤੇ ਲੋਹੇ ਦੀਆਂ ਕੁਰਸੀਆਂ ਰਖ ਦਿਆਂਗੇ। ਪਰ ਇਸ ਕੰਮਬਖ਼ਤ ਨੇ ਸਾਰੀ ਥਾਂ 'ਚ ਇਕੋ ਹੀ ਮਸ਼ੀਨ ਲਗਾ ਲਈ ਏ—ਦਿਮਾਗ਼ ਦੀ ਮਸ਼ੀਨ। ਇਹ ਦਿਮਾਗ਼ ਬਣਾ-ਬਣਾ ਕੇ ਵੇਚਣ ਲਗਾ ਤੇ ਜਿਸ ਜਿਸ ਨੇ ਉਹ ਦਿਮਾਗ ਖਰੀਦਿਆ ਉਹ ਆਖਣ ਲਗਾ, "ਆਦਮੀ ਤਾਂ ਕੁਝ ਵੀ ਨਹੀਂ, ਸੜਕਾਂ ਕੁਝ ਨਹੀਂ—ਘਰ, ਕੋਠੇ, ਇੱਟਾਂ, ਰੁੱਖ, ਮਰਦ, ਜ਼ਨਾਨੀਆਂ ਤੇ ਮੁਖੌਟੇ ਕੁਝ ਵੀ ਨਹੀਂ। ਜੋ ਕੁਝ ਵੀ ਹੈ ਉਹ ਮਸ਼ੀਨ ਹੀ ਏ, ਮਸ਼ੀਨ ਹੀ ਆਦਮੀ ਏ। ਮਸ਼ੀਨ ਹੀ ਰੱਬ ਦੀ, ਭਗਵਾਨ ਦੀ, ਪਰਮੇਸ਼ਵਰ ਦੀ ਮੂਰਤੀ ਏ। ਮਸ਼ੀਨ ਹੀ ਸ਼ਹਿਰ ਏ। ਮਸ਼ੀਨ ਹੀ ਲੋਕ, ਸੜਕ, ਗਲੀਆਂ, ਇੱਟਾਂ-ਵੱਟੇ, ਘਰ, ਕੋਠੇ ਸਭੋ ਕੁਝ ਮਸ਼ੀਨ ਹੀ ਏ। ਇਸੇ ਨੇ ਹੀ ਸਾਰੇ ਵਿਗਾੜ ਪਾਏ ਨੇ।"

ਕਈ ਲੋਕ ਉਸ ਮਸ਼ੀਨ ਵਾਲੇ ਨੂੰ ਧੱਕੇ ਮਾਰ ਰਹੇ ਸਨ ਪਰ ਉਹ ਹੱਸਦਾ ਹੀ ਰਿਹਾ ਸੀ।

ਬਜ਼ਾਰ ਵਿਚ ਪੁਜਦੇ ਹੀ ਗੁਆਂਢੀ ਉਸ ਨੂੰ ਮਿਲ ਗਿਆ—"ਢੇਡੇ ਦਿਨਾਂ ਦਾ ਤੂੰ ਕਿੱਥੇ ਸੀ—? ਕਿਥੇ ਰਿਹਾ ?" ਉਸ ਪੁਛਿਆ।

"ਤੇਰੇ ਸੁਆਲਾਂ ਦੇ ਜੁਆਬ ਪੁਛਦਾ ਰਿਹਾ।"

"ਕੋਈ ਜੁਆਬ ਮਿਲਿਆ ਫਿਰ ?"

"ਹਾਂ..., ਬਹੁਤ ਜੁਆਬ ਮਿਲੇ । ਸਭ ਸੁਣਾਂਦਾ ਹਾਂ। ਬੜਾ ਖੱਜਲ ਖੁਆਰ ਹੋਇਆ। ਮੇਰਾ ਖ਼ਿਆਲ ਏ ਤੂੰ ਵੀ ਤਾਂ ਬਹੁਤੇ ਲੋਕਾਂ ਤੋਂ ਇਹੋ ਹੀ ਸੁਆਲ ਪੁੱਛੇ ਹੋਣਗੇ ?"

"ਮੈਂ...? ਮੈਂ ਤਾਂ ਹਾਲੀਂ ਪੁਛਣ ਦੀ ਸਲਾਹ ਹੀ ਕਰ ਰਿਹਾ ਹਾਂ।" ਉਸਨੇ ਗੰਭੀਰ ਹੋ ਕੇ ਕਿਹਾ।

"ਤੂੰ ਅਜੇ ਸੋਚ ਹੀ ਰਿਹਾ ਏਂ ? ਤੂੰ ਵੀ ਕਿਧਰੇ-ਮੁਖੌਟਾ ਤੇ ਨਹੀਂ ਪਾ ਲਿਆ ? ਤੂੰ ਕਿਧਰੇ ਪਲਾਇਨਵਾਦੀ ਤਾਂ ਨਹੀਂ ?" ਗੁਆਂਢੀ ਨੇ ਪੁਛਿਆ।

"ਮੈਂ ਕੁਝ ਵੀ ਨਹੀਂ...ਬਸ ਇਕ ਚਿਤਰਕਾਰ ਹਾਂ। ਪਰ ਮੇਰਾ ਸਭ ਕੁਝ ਇਸ ਰੌਲੇ-ਰਪੇ 'ਚ, ਅਵਾਜ਼ਾਂ 'ਚ, ਹਫ਼ੜਾ-ਦਫ਼ੜੀ ਵਿਚ ਗੁਆਚ ਗਿਆ ਹੈ। ਮੈਂ ਤਾਂ ਆਪਣੇ ਰੰਗ, ਆਪਣੀਆਂ ਲਕੀਰਾਂ, ਆਪਣੇ ਪਾਤਰ, ਆਪਣੇ ਆਪਣੇ ਚਿੱਤਰ ਢੂੰਡ ਰਿਹਾ ਹਾਂ। ਮੈਨੂੰ ਚਿਤਰ ਬਣਾਣ ਦਾ ਜਨੂੰਨ ਏ ਪਰ ਕਿੰਨੇ ਹੀ ਵਰ੍ਹਿਆਂ ਤੋਂ ਮੈਂ ਕੁਝ ਵੀ ਨਹੀਂ ਕਰ ਸਕਿਆ। ਜਿਸ ਵੇਲੇ ਵੀ ਕੁਝ ਬਨਾਣ ਲਈ ਸੋਚਦਾ ਹਾਂ ਮੈਨੂੰ ਇਕ ਡੰਗ ਜਿਹਾ ਚੁਭਦਾ ਹੈ ਤੇ ਜੀਵਨ ਦਾ ਕੋਈ ਰੂਪ, ਕੋਈ ਢੰਗ ਵੀ ਅਸਲ ਨਹੀਂ ਲਭਦਾ।

ਅਚਾਨਕ ਹੀ ਟੁਰਦੇ-ਟੁਰਦੇ ਗੁਆਂਢੀ ਨੇ ਉਸ ਨੂੰ ਟੋਕ ਦਿਤਾ, "ਉਹ ਵੇਖ... ਚੁਰਾਹੇ ਵਲ—ਕੀ ਹੋ ਰਿਹਾ ਏ ?"

ਚੁਰਸਤੇ ਵਿਚ ਪੰਜ-ਸਤ ਆਦਮੀ ਆਪਣੇ ਕਪੜੇ ਉਤਾਰ ਕੁਝ ਕਰਨ ਲਈ ਤਿਆਰ ਹੋ ਰਹੇ ਸਨ। ਉਹ ਦੋਹੇਂ ਉਨ੍ਹਾਂ ਦੇ ਕੋਲ ਪਹੁੰਚੇ, "ਇਥੇ ਕੀ ਹੋਣ ਵਾਲਾ ਏ ?"

"ਇਥੇ ਜੋ ਕੁਝ ਵੀ ਹੋਣਾ ਏ ਸ਼ਾਮ ਵੇਲੇ ਹੋਏਗਾ। ਪਹਿਲੇ ਦਸਣ ਦਾ ਕੀ ਲਾਭ ? ਕੋਈ ਫ਼ਾਇਦਾ ਨਹੀਂ..."

ਪਹਿਲੀ ਵਾਰੀ ਚੁਰਸਤੇ ਦੀ ਸਾਜ਼ ਸਜਾਵਟ ਵੇਖਣ ਵਾਲੀ ਸੀ । ਲੋਕ ਇਕੱਠੇ ਹੋਏ ਰੰਗਾ ਰੰਗ ਦੀਆਂ ਝੰਡੀਆਂ ਵੇਖ ਰਹੇ ਸਨ, ਕਦੇ ਟੰਗੇ ਹੋਏ ਮਖੌਟਿਆਂ ਨੂੰ । ਕਦੇ ਕਦੇ ਉਨ੍ਹਾਂ ਦਾ ਧਿਆਨ ਵਡੀਆਂ-ਵਡੀਆਂ ਮੂਰਤੀਆਂ ਵਲ ਜਾਂਦਾ ਸੀ ਜਿਹੜੀਆਂ ਬਨ-ਮਾਨਸ ਲਗਦੀਆਂ ਸਨ ਤੇ ਉਹ ਕਿੰਨੇ ਹੀ ਕੰਮ ਸੰਵਾਰਦੀਆਂ ਪਈਆਂ ਸਨ । ਚੁਰਾਹੇ ਦੀ ਸਭ ਤੋਂ ਵਡੀ ਰੌਣਕ ਤਾਂ ਚੁਰਾਹੇ 'ਚ ਲਗੀ ਉਹ ਘੜੀ ਸੀ ਜਿਸ ਦੀਆਂ ਸੂਈਆਂ ਗੋਡੇ ਭਾਰ ਟੁਰਦੀਆਂ ਸਨ ਤੇ ਹਰ ਗਿਣਤੀ ਦੇ ਅੱਖਰ ਦੀ ਥਾਂ ਗੋਲ-ਗੋਲ ਚਕੱਰ ਸਨ ।

ਸਟੇਜ ਦੇ ਉਤੇ ਤੇ ਆਲੇ-ਦੁਆਲੇ ਕਾਗਜ਼ੀ ਫੁੱਲ ਬਿਖਰੇ ਸਨ, ਹਾਰ ਝੂਮ ਰਹੇ ਸਨ, ਲੋਕਾਂ ਦਾ ਜਮ ਘਟਾ ਤੇ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਬੇਬਸੀ ਨਾਲ ਉਡੀਕ ਰਹੀਆਂ ਸਨ ।

ਫਿਰ ਇਕ ਆਦਮੀ ਦੇ ਸਟੇਜ ਉੱਤੇ ਆਉਣ ਨਾਲ ਹੀ ਰੌਲੇ ਦਾ ਸਮੁੰਦਰ ਸ਼ਾਂਤ ਹੋ ਗਿਆ । ਚੁਤਰਫ਼ੀ ਚੁਪ ਪਸਰ ਗਈ । ਉਸ ਆਦਮੀ ਨੇ ਜ਼ੋਰ-ਜ਼ੋਰ ਨਾਲ ਆਖਣਾ ਸ਼ੁਰੂ ਕੀਤਾ 'ਦੋਸਤੋ ! ਹੁਣ ਉਹ ਤਸਵੀਰਾਂ ਜਿਹੜੀਆਂ ਕਦੇ ਚੋਰੀ ਨਹੀਂ ਸੀ ਹੋ ਸਕਦੀਆਂ ਹੁਣ ਚੋਰੀ ਹੋਣ ਲਗ ਪਈਆਂ ਹਨ । ਮੇਰੀ ਇਕ ਤਸਵੀਰ ਦਿਨੇ-ਦੁਪਹਿਰੀ ਚੋਰੀ ਹੋ ਗਈ ਏ । ਅੱਜ ਬੇਸ਼ਕ ਉਸ ਤਸਵੀਰ ਦੀ ਕੀਮਤ ਕੁਝ ਨਾ ਹੋਏ ਪਰ ਉਸ ਦੀ ਮਹੱਤਤਾ ਬਹੁਤ ਏ । ਉਹ ਮੇਰੀ ਖਾਨਦਾਨੀ ਤਸਵੀਰ ਸੀ । ਮੈਨੂੰ ਪਤਾ ਲਗਾ ਹੈ ਜੋ ਕੋਈ ਹੋਰ ਤਸਵੀਰ ਨੂੰ ਚੁਰਾ ਕੇ ਸਿਧਾ ਚੁਰਾਹੇ ਵਲ ਦੌੜਿਆ ਏ । ਚੋਰ ਦੀ ਭਾਲ ਵਿਚ ਤੁਸੀਂ ਮੇਰੀ ਮਦਦ ਕਰੋ, ਉਸ ਤਸਵੀਰ ਤੋਂ ਬਿਨਾ ਮੈਂ ਧੇਲੇ ਦਾ ਵੀ ਨਹੀਂ ਕੱਖ ਦਾ ਹਾਂ ।''

ਦੂਜੇ ਆਦਮੀ ਨੇ ਪਹਿਲੇ ਨੂੰ ਪਰ੍ਹਾਂ ਕੀਤਾ ਤੇ ਕੁਰਲਾਇਆ ''ਪਹਿਲੀ ਮੇਰੀ ਤਸਵੀਰ ਦਾ ਥਾਂ ਟਿਕਾਣਾ ਲਭੋ, ਮੈਂ ਵੀ ਤੁਹਾਡਾ ਹਾਂ, ਤਸਵੀਰ ਵੀ ਤੁਹਾਡੀ ਹੈ ਤੇ ਚੋਰ ਵੀ ਤੁਹਾਡਾ ਹੈ ।''

''ਤੇਰੀ ਤਸਵੀਰ ਕਿਸ ਵੇਲੇ ਗੁਆਚੀ ਸੀ ?''

''ਠੀਕ ਦੁਪਹਿਰ ਵੇਲੇ-ਜਿਸ ਵੇਲੇ ਸੂਰਜ ਸਿਖਰ ਤੇ ਸੀ ।''

''ਮੇਰੀ ਚੋਰੀ ਵੀ ਇਸੇ ਵੇਲੇ ਹੀ ਹੋਈ ਸੀ'' ਪਹਿਲੇ ਨੇ ਦਸਿਆ ।

''ਤਾਂ ਹੋ ਸਕਦਾ ਏ ਇਕੋ ਚੋਰ ਨੇ, ਇਕੋ ਸਮੇਂ ਦੋ ਵਖੋ-ਵੱਖ ਥਾਂਵਾਂ ਤੇ ਚੋਰੀ ਕੀਤੀ ਹੋਏ'' ਪਹਿਲੇ ਨੇ ਆਪਣਾ ਵਿਚਾਰ ਦਸਿਆ ।

"ਕਿਉਂ ? ਨਹੀਂ ਹੋ ਸਕਦਾ ?' ਦੂਏ ਨੇ ਕਿਹਾ।

ਦੋਹੇਂ ਇਕੱਠੇ ਕੁਰਲਾਏ "ਦੋਸਤੋ ! ਇਕ ਚੋਰ ਇਕੋ ਸਮੇਂ 'ਚ ਦੋ ਥਾਂਵਾਂ ਉੱਤੇ ਇਕਠੀ ਚੋਰੀ ਕਰ ਕਿ ਇਧਰ ਹੀ ਨਸਿਆ ਏ, ਸਾਡੇ ਉਤੇ ਤਰਸ ਕਰੋ...ਸਾਡਾ ਚੋਰ ਢੂੰਡ ਦਿਉ।"

ਤੀਜਾ ਆਦਮੀ ਦੌੜਦਾ-ਦੌੜਦਾ ਮੰਚ ਉੱਤੇ ਚੜ੍ਹਿਆ ਤੇ ਜ਼ੋਰ ਨਾਲ ਬੋਲਣ ਲਗਾ "ਤਸਵੀਰਾਂ ਨੂੰ ਕਾਠ ਮਾਰੋ...ਕੀ ਕਰਨੀਆਂ ਨੇ ਤਸਵੀਰਾਂ ਹੁਣ ਤਾਂ ਦਿਮਾਗਾਂ ਦੀ ਚੋਰੀ ਹੋ ਰਹੀ ਏ। ਮੈਨੂੰ ਪੱਕਾ ਯਾਦ ਏ ਕਿ ਜਦੋਂ ਮੈਂ ਰਾਤੀ ਸੁੱਤਾ ਸਾਂ ਤਾਂ ਮੇਰੇ ਸਿਰ ਵਿਚ ਮੇਰਾ ਦਿਮਾਗ਼ ਸਹੀ-ਸਲਾਮਤ ਸੀ। ਸਵੇਰੇ ਉਠਿਆ ਤਾਂ ਸਿਰ ਤਾਂ ਸਹੀ-ਸਲਾਮਤ ਸੀ ਪਰ ਦਿਮਾਗ਼ ਚੋਰੀ ਹੋ ਗਿਆ ਸੀ। ਮੈਨੂੰ ਪੱਕਾ ਵਿਸ਼ਵਾਸ ਏ ਕਿ ਚੋਰ ਨੇ ਦਿਮਾਗ ਕਢਿਆ ਤੇ ਆ ਕੇ ਇਥੇ ਲੋਕਾਂ ਵਿਚ ਹੀ ਰਲ ਗਿਐ। ਮੈਨੂੰ ਮੇਰਾ ਦਿਮਾਗ਼ ਵਾਪਸ ਕਰਾ ਦਿਉ। ਤੁਸੀਂ ਤਾਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਦਿਮਾਗ ਤੋਂ ਬਿਨਾਂ ਤਾਂ ਆਦਮੀ ਪਸ਼ੂ ਸਮਾਨ ਹੀ ਏ। ਮਨੁਖ ਤੇ ਪਸ਼ੂ ਵਿਚ ਦਿਮਾਗ਼ ਦਾ ਹੀ ਤਾਂ ਅੰਤਰ ਏ। ਮੇਰੇ ਉਤੇ ਤਰਸ ਕਰੋ.. ਮੇਰਾ ਦਿਮਾਗ਼ ਵਾਪਸ ਕਰਵਾ ਦਿਉ।"

ਉਹ ਤਿੰਨੋ ਹੀ ਬੋਲਦੇ-ਬੋਲਦੇ ਚੁੱਪ ਹੋ ਗਏ। ਇਕ ਬ੍ਰਿਧ ਲਾਠੀ ਠਕੋਰਦਾ ਮੰਚਾ ਉਤੇ ਚੜ੍ਹਿਆ। ਉਸ ਦੀਆਂ ਝੁਕੀਆਂ ਅੱਖਾਂ ਸੇਜਲ ਸਨ। ਉਸ ਨੇ ਰੋਣਹਾਕੀ ਅਵਾਜ਼ ਵਿਚ ਕਿਹਾ "ਲੋਕੋ ! ਮੇਰੇ ਨੈਣ-ਪ੍ਰੈਣ ਰਹਿ ਗਏ ਹਨ, ਹੁਣ ਅਗਲੇ ਘਰ ਦੀ ਤਿਆਰੀ ਏ, ਪਰ ਮੈਨੂੰ ਸੁਝਦਾ ਏ ਕਿ ਮੇਰੇ ਸਾਹ ਸੌਖੇ ਨਹੀਂ ਨਿਕਲਣੇ। ਇਕ ਚੋਰ ਨੇ ਮੇਰੀ ਗਠੜੀ ਚੁਰਾ ਲਈ ਏ। ਉਸ ਗਠੜੀ ਵਿਚ ਮੈਂ ਆਪਣੇ ਤੇ ਆਪਣੇ ਵਡੇ-ਵਡੇਰਿਆਂ ਦੀ ਥੋੜੀ ਬਹੁਤੀ ਮਾਨ-ਮਰਿਯਾਦਾ, ਅਣਖ, ਇਜ਼ਤ ਤੇ ਸਵੈ-ਮਾਣ ਬੰਨੇ ਹੋਏ ਸਨ। ਗਠੜੀ ਮੈਨੂੰ ਲਭ ਦਿਉ। ਮੈਂ ਉਸ ਨੂੰ ਆਪਣੀ ਛਾਤੀ ਉੱਤੇ ਰਖਕੇ ਮਰਨਾ ਚਾਹੁੰਦਾ ਹਾਂ। ਮੇਰੀ ਮੁਕਤੀ ਕਰਾਉ, ਮੇਰੀ ਗਠੜੀ ਲਭ ਦਿਉ।"

ਫਿਰ ਪਹਿਲੇ ਤਿੰਨ੍ਹਾਂ ਆਦਮੀਆਂ ਨੇ ਵਾਰੋ-ਵਾਰੀ ਆਪਣੀ ਅਰਜ਼ੋਈ ਤੇ ਦੁਖੜੇ ਫਿਰ ਦੁਬਾਰਾ ਸੁਣਾਏ।

ਇਕ ਅਤੀ ਸੁੰਦਰ, ਤ੍ਰਿਖੇ ਨੈਣ-ਨਕਸ਼, ਗੁਥਿਆ ਸਰੀਰ ਤੇ ਅਕੜੀ ਹੋਈ ਔਰਤ ਮੰਚ ਉਤੇ ਆਈ। ਪਹਿਲੇ ਉਹ ਲੋਕਾਂ ਵਲ ਵੇਖਦੀ ਰਹੀ ਫਿਰ ਆਖਣ ਲਗੀ "ਹਰ ਜ਼ਨਾਨੀ ਵਾਂਗ ਮੈਂ ਵੀ ਇਕ ਸੜਕ ਉਤੇ ਟੁਰ ਰਹੀ ਸਾਂ। ਪਰ ਥੋੜਾ ਪੈਂਡਾ ਹੀ ਕਟਿਆ ਸੀ ਕਿ ਅਨਰਥ ਜਿਹਾ ਹੋ ਗਿਆ...ਸੜਕ ਦੇ ਤਾਂ ਬੜੇ ਮੂੰਹ ਦਿਸਣ ਲਗੇ। ਮੈਂ ਦੂਜੀ ਸੜਕ ਉੱਤੇ ਟੁਰਨ ਲਗੀ ਪਰ ਮੇਰਾ ਸਭ ਕੁਝ ਜੋ ਮੈਂ ਲੈ ਕੇ ਟੁਰੀ ਸਾਂ, ਸਭੋ ਕੁਝ ਗੁਆਚ ਗਿਆ। ਮੈਂ ਵਾਪਸ ਪਰਤੀ ਪਰ ਉੱਥੇ ਤਾਂ ਸੜਕ ਹੀ ਨਹੀਂ ਸੀ। ਮੇਰੀ ਸੜਕ ਗੁਆਚ ਗਈ ਏ। ਮੈਨੂੰ ਸੜਕ ਲਭ ਦਿਉ, ਨਹੀਂ ਤਾਂ ਮੈਨੂੰ ਆਤਮ ਹਤਿਆ ਕਰਨੀ ਪੈਣੀ ਏ। ਮੈਂ ਸੜਕ ਬਗੈਰ ਕਿਧਰ ਜਾਵਾਂਗੀ ? ਕਿਥੋਂ ਰਸਤਾ ਲਭਾਂਗੀ ? ਕਿਹੜੀ ਮੰਜ਼ਿਲ ਵਲ ਟੁਰਾਂਗੀ ?"

ਫਿਰ ਬਹੁਤ ਰੌਲਾ ਮੱਚ ਗਿਆ। ਇਕ ਸ਼ੁਦਾਈ ਜਿਹਾ ਆਦਮੀ ਹੱਥ ਪੈਰ ਮਾਰਦਾ ਮੰਚ ਉੱਤੇ ਚੜ੍ਹ ਗਿਆ ਤੇ ਉਹ ਗੜਾਕੇ ਮਾਰ ਮਾਰ ਹਸਣ ਲਗਾ।

"ਤੂੰ ਇੰਨੀ ਜ਼ੋਰ ਦੀ ਗੜਾਕੇ ਮਾਰ-ਮਾਰ ਕਿਉਂ ਹਸ ਰਿਹਾ ਏਂ ?" ਮੰਚ ਉਤੇ ਬੈਠਿਆਂ ਚੋਂ ਇਕ ਨੇ ਪੁਛਿਆ ।

"ਇਸ ਲਈ ਜੇ ਜੋ ਕੁਝ ਮੇਰਾ ਗੁਆਚਾ ਏ...ਉਹ ਸਭ ਦਾ ਗੁਆਚਾ ਹੋਇਆ ਏ" ਆਖਦੇ ਹੋਏ ਉਸ ਨੇ ਇਕ ਹੋਰ ਲੰਮਾ ਤੇ ਜ਼ੋਰ ਦੀ ਗੜਾਕਾ ਮਾਰਿਆ ।

"ਤੇਰਾ ਕੀ ਗੁਆਚਾ ਏ ?" ਦੋ-ਤਿੰਨਾਂ ਨੇ ਪੁਛਿਆ ।

"ਮੇਰਾ 'ਮੈਂ' ਗੁਆਚ ਗਿਆ ਏ" ਸ਼ੂਦਾਈ ਨੇ ਪਰਤਾ ਦਿਤਾ ।

"ਮੈਂ ਗੁਆਚ ਗਿਆ ਏ ?" ਫਿਰ ਸੁਆਲ ਹੋਇਆ ।

"ਹਾਂ", ਸ਼ੂਦਾਈ ਨੇ ਅੱਖਾਂ ਕਢੀਆਂ "ਮੇਰਾ ਮੈਂ ਗੁਆਚਾ ਏ ਤੇ ਮੈਂ ਚੋਰ ਨੂੰ ਵੀ ਜਾਣਦਾ ਹਾਂ ।"

"ਤੇਰਾ ਮੈਂ ਗੁਆਚਾ ਏ...? ਤੂੰ ਚੋਰ ਨੂੰ ਵੀ ਜਾਣਦਾ ਏਂ ? ਫਿਰ ਕਿਥੇ ਐ ਉਹ ਚੋਰ . ? ਕੌਣ ਏ ਚੋਰ ? ਕਿਹੜਾ ਏ ? ਕਿਥੇ ਐ ?" ਪਹਿਲੇ ਆਦਮੀ ਨੇ ਪੁਛਿਆ ।

"ਇਹ ਐ ਚੋਰ...ਮੈਂ ਆਪ ਹੀ ਚੋਰ ਹਾਂ...ਮੈਂ ਆਪਣੇ ਆਪੇ ਦੀ ਆਪੇ ਹੀ ਚੋਰੀ ਕੀਤੀ ਏ ।"

"ਤੂੰ ਚੋਰ ਨੂੰ ਜਾਣਦਾ ਏਂ ਤਾਂ ਰੌਲਾ ਕਿਉਂ ਮਚਾ ਰਿਹਾ ਏਂ ? ਪਹਿਲੇ ਨੇ ਪੁਛਿਆ ।

"ਇਸ ਲਈ ਜੇ ਚੋਰ ਦੀ ਆਤਮਾ ਚੋਰ ਨੂੰ ਇਕ ਥਾਂ ਟਿਕਣ ਨਹੀਂ ਦੇਂਦੀ । ਜੇ ਮੈਂ ਰੌਲਾ ਨਾ ਮਚਾਵਾਂ ਤਾਂ ਸ਼ਾਇਦ ਮਰ ਹੀ ਜਾਂਵਾਂ-ਤੇ ਮੈਂ ਮਰਨਾ ਨਹੀਂ ਚਾਹੁੰਦਾ..."

ਚੁਰਾਹੇ 'ਚ ਖਲੋਤੇ ਲੋਕਾਂ ਨੇ ਇੰਨੀਆਂ ਤਾੜੀਆਂ ਮਾਰੀਆਂ ਕਿ ਚੁਰਸਤਾ, ਕੰਧਾਂ, ਘਰ, ਹਟੀਆਂ ਸਭ ਹਿਲ ਗਈਆਂ । ਫਿਰ ਲੋਕ ਖਿੰਡਣ ਲਗ ਪਏ, ਇਵੇਂ ਹੀ ਜਿਵੇਂ ਨਿੱਕੇ ਜਿਹੇ ਹਵਾ ਦੇ ਝੋਕੇ ਨਾਲ ਸੁੱਕੇ ਪਤਰ ਖਿੰਡਣ ਲਗ ਪੈਂਦੇ ਹਨ ।

"ਅਸੀਂ ਵੀ ਚਲੀਏ" ਗੁਆਂਢੀ ਨੇ ਕਿਹਾ ।

"ਕੁਝ ਸਮਝ ਨਹੀਂ ਆਉਂਦੀ ਕਿ ਇਹ ਨਾਟਕ ਦਾ ਆਦਿ ਹੈ ਜਾਂ ਅੰਤ ।"

ਦੋਹੇਂ ਟੁਰ ਪਏ, ਉਸੇ ਸੜਕ ਉਤੇ ਜਿਹੜੀ ਸਾਰਿਆਂ ਦੀ ਸਾਂਝੀ ਸੀ, ਪਰ ਜਿਸ ਦਾ ਆਪਣਾ ਕੋਈ ਨਹੀਂ ਸੀ । ਜਿਹੜੀ ਸਾਰਿਆਂ ਨੂੰ ਮਿਲਾਂਦੀ ਸੀ...ਪਰ ਆਪ ਇਕਲੀ ਹੀ ਸੀ ।

★

Indian I... Advance... Study
116277
23.11.04
SHIMLA

ਸ੍ਰੀ ਓ. ਪੀ. ਸ਼ਰਮਾ 'ਸਾਰਥੀ' ਮੰਨੇ ਪ੍ਰਮੰਨੇ ਲੇਖਕ, ਚਿਤਰਕਾਰ, ਸੰਗੀਤਕਾਰ, ਨਾਟਕਕਾਰ, ਕਹਾਣੀਕਾਰ ਅਤੇ ਨਾਵਲਕਾਰ ਹਨ। ਆਪ ਦਾ ਜਨਮ ਜੰਮੂ 1933 ਵਿਚ ਹੋਇਆ। ਆਪ ਰੀਜਨਲ ਰੀਸਰਚ ਲਿਬਾਰਟਰੀ ਵਿਚ ਕਲਾਕਾਰ ਹਨ। ਸ੍ਰੀ 'ਸਾਰਥੀ' ਪਿਛਲੇ ਦੋ ਦਹਾਕਿਆਂ ਤੋਂ ਕਈ ਭਾਸ਼ਾਵਾਂ ਵਿਚ ਲਿਖ ਰਹੇ ਹਨ। ਉਨ੍ਹਾਂ ਦੇ ਪੰਜ ਨਾਵਲ, ਦੋ ਕਹਾਣੀ ਸੰਗ੍ਰਹਿ, ਤਿੰਨ ਕਵਿਤਾ ਸੰਗ੍ਰਹਿ ਡੋਗਰੀ ਵਿਚ ਛਪ ਚੁਕੇ ਹਨ। ਆਪ ਦੇ ਕਹਾਣੀ ਸੰਗ੍ਰਹਿ 'ਸੁੱਕਾ ਬਾਰੂਦ' ਨੂੰ 1974 ਵਿਚ ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਤੇ ਲੈਂਗੁਏਜਜ਼ ਵਜੋਂ ਪੁਰਸਕਾਰ ਮਿਲਿਆ। ਆਪ ਦੇ ਨਾਵਲ 'ਨੰਗਾ ਰੁੱਖ' ਨੂੰ ਸਾਹਿਤ ਅਕਾਦੇਮੀ ਨੇ 1979 ਵਿਚ ਪੁਰਸਕਾਰਿਆ।

ਡੋਗਰੀ ਨਾਵਲ 'ਨੰਗਾ ਰੁੱਖ' ਪਹਿਲੀ ਵਾਰ 1978 ਵਿਚ ਪ੍ਰਕਾਸ਼ਿਤ ਹੋਇਆ ਅਤੇ 1979 ਵਿਚ ਸਾਹਿਤ ਅਕਾਦੇਮੀ ਵਲੋਂ ਪੁਰਸਕਾਰਿਆ ਗਿਆ। ਇਹ ਨਾਵਲ ਬੜਾ ਸੰਖੇਪ ਹੈ ਅਤੇ ਇਲਾਕਾਈ ਤੱਤਾਂ ਤੋਂ ਮੁਕਤ ਹੋਣ ਕਰਕੇ ਸਰਬ ਸਾਂਝਾ ਜਿਹਾ ਹੈ। ਸਾਹਿਤ ਅਕਾਦੇਮੀ ਵਲੋਂ ਇਸ ਨਾਵਲ ਦਾ ਅਨੁਵਾਦ ਅੰਗਰੇਜ਼ੀ ਵਿਚ ਛਪ ਚੁਕਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬੀ ਵਿਚ ਵੀ ਇਹ ਬਹੁਤ ਪਸੰਦ ਕੀਤਾ ਜਾਏਗਾ।

ਇਹ ਇਕ ਵਿਲੱਖਣ ਨਾਵਲ ਹੈ, ਵਿਲੱਖਣ ਇਸ ਗੱਲ ਵਿਚ ਕਿ ਨਾ ਤਾਂ ਇਸ ਦੀ ਕਹਾਣੀ ਪਰੰਪਰਕ ਹੈ ਅਤੇ ਨਾ ਹੀ ਇਸ ਦੀ ਸ਼ੈਲੀ, ਕੱਥਾ ਵਸਤੂ ਅਤੇ ਪਾਤਰ ਪ੍ਰੰਪਰਕ ਹਨ। ਇਸ ਵਿਚ ਘਟਨਾਵਾਂ ਦੀ ਅਜਿਹੀ ਲੜੀ ਹੈ ਜੋ ਪ੍ਰਤੀਕਾ ਦੁਆਰਾ ਸਮਕਾਲੀ ਯਥਾਰਥ ਨੂੰ ਪਰਕਾਸ਼ਮਾਨ ਕਰਦੀ ਹੈ।

ਇਸ ਨਾਵਲ ਵਿਚ ਇਹ ਗੱਲ ਉਭਰ ਕੇ ਆਈ ਹੈ ਕਿ ਸ਼ਹਿਰ ਅੱਧਾ ਹਨੇਰੇ ਵਿਚ ਵੰਡਿਆ ਹੋਇਆ ਹੈ ਤੇ ਅੱਧਾ ਚਾਨਣੇ ਵਿਚ। ਅੱਧਾ ਹਨੇਰਾ ਪਖ ਦਲਿਦਰੀ ਤੇ ਅਣਗੌਲਿਆ ਹੈ ਜਿਸ ਦਾ ਸ਼ੋਸ਼ਨ ਕੀਤਾ ਜਾ ਰਿਹਾ ਹੈ ਅਤੇ ਚਾਨਣੇ ਅੱਧ ਵਿਚ ਸਵੈ ਚਾਲਕ ਮਸ਼ੀਨਾਂ ਨੇ ਮਨੁੱਖੀ ਕਿਰਤੀਆਂ ਦੀ ਥਾਂ ਲੈ ਲਈ ਹੈ। ਬ੍ਰਿਛਾਂ ਦੀ ਥਾਂ ਹਸਪਤਾਲ ਦੀਆਂ ਇਮਾਰਤਾਂ ਖੜੀਆਂ ਹੋ ਗਈਆਂ ਹਨ ਜਾਂ ਮਹਾਤਮਾ ਦੇ ਮੱਠ ਜਾਂ ਦੇਵੀਆਂ ਦੇ ਪੂਜਾ ਅਸਥਾਨ ਜਿਥੇ ਕਈ ਤਰ੍ਹਾਂ ਦੇ ਪਾਖੰਡ ਰਚੇ ਜਾਂਦੇ ਹਨ। ਲੋਕਾਂ ਨੇ ਚਿਹਰਿਆਂ ਉੱਤੇ ਮੁਖੌਟੇ ਚਾਹੜੇ ਹੋਏ ਹਨ ਬੇਸ਼ਕ ਇਸ ਦੇ ਇਵਜ਼ ਵਿਚ ਅੱਖਾਂ, ਕੰਨ, ਦਿਲ, ਦਿਮਾਗ਼ ਤੇ ਪਿਆਰ ਗਿਰਵੀ ਰਖਣੇ ਪੈ ਜਾਣ। ਮਨੁੱਖ ਟੋਟੇ-ਟੋਟੇ ਹੋਇਆ ਤੇ ਕਈ ਸ਼ਖ਼ਸੀਅਤਾਂ ਵਿਚ ਵੰਡਿਆ ਪਿਆ ਹੈ। ਉਹ ਕਿਸੇ ਨਾਲ ਵੀ ਨਹੀਂ ਜੁੜਿਆ ਹੋਇਆ।

ਇਸ ਦੀ ਸ਼ੈਲੀ ਬੜੀ ਰੌਚਿਕ ਤੇ ਪ੍ਰਭਾਵਸ਼ਾਲੀ ਹੈ। ਵਾਕ ਨਿੱਕੇ-ਨਿੱਕੇ ਹਨ। ਥਾਂ ਥਾਂ ਵਾਰਤਾਲਾਪ ਨਾਟਕੀ ਹੈ। ਵਾਕਾਂ ਵਿਚ ਰ... ਬੜੀਆਂ ਸੁੰਦਰ ਹਨ ਜਿਨ੍ਹਾਂ ਕਾਰਣ ਸਾਰੀ ਰਚਨਾ ਗੌ... ਬਦਲਦੇ ਚਿਹਰੇ ਤੇ ਬਦਲਦੀਆਂ ਕਦਰਾਂ ਕੀਮਤਾਂ ਬ... ਹੈ ਜੋ ਸਾਡੇ ਅਹਿਸਾਸ ਤੀਕ ਉਤਰ ਜਾਂਦੀ ਹੈ।

ਪੰਜਾਬੀ ਪਾਠਕ ਪ੍ਰਤੀਕਾਂ ਨਾਲ ਭਰਪੂਰ ਇਸ ਨਾਵ... ਇਹ 'ਨੰਗਾ ਰੁੱਖ' ਮਨੁੱਖ ਦੀ ਕਾਇਆ ਤੇ ਰੂਹ ਨੂੰ ਉਸ ਦੇ ਵਾਸਤਿਕ ਰੂਪ ਵਿਚ ਪਛਾਣ ਲੈਣਗੇ।

Library IIAS, Shimla
P 891.449 3 Sh 23 N
00116277

SAHITYA AKADEMI
REVISED PRICE Rs. 15-00